ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਗੁਰੂ ਹਰਿਕਿਸ਼ਨ ਆਂ ਹਮਾਂ ਫ਼ਜ਼ਲੋ ਜੂਦ ।।
## ਹਕਸ਼ ਅਜ਼ ਹਮਾਂ ਖ਼ਾਸਗਾ ਬਰ ਸਤੂਦ ।।

( ਭਾਈ ਨੰਦ ਲਾਲ ਸਿੰਘ ਜੀ )

ਗੁਰੂ ਹਰਿਕ੍ਰਿਸ਼ਨ ਸਾਰੀ ਬਜ਼ੁਰਗੀ ਅਤੇ ਮਿਹਰੰਮਤ ਦਾ ਭੰਡਾਰਾ ਹੈ ਅਤੇ ਅਕਾਲ ਪੁਰਖ ਨੇ ਉਸ ਨੂੰ ਸਾਰਿਆ ਖਾਸ ਆਪਣੇ ਪਿਆਰਿਆਂ ਤੋਂ ਵੱਧ ਸਾਲਾਹਿਆ ਹੈ।

JULY 98 ਜੁਲਾਈ ੯

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਜਪਹੁ ਤ ਏਕੋ ਨਾਮਾ | ੧ | ੮.ਜਦੋਂ ਬਾਲਾ ਪ੍ਰੀਤਮ ਨੇ ਗੀਤਾ ਦੇ ਅਰਥ ਕਰਾਏ | ੨੭ |
| ੨.ਅਕਾਲ ਪੁਰਖ ਦੀ ਦਰਗਾਹ | ੪. | ੯.ਛੱਜੂ ਦਾ ਅਨੁਭਵ (ਕਵਿਤਾ) | ੨੮ |
| ੩.ਅੱਖੀਂ ਡਿੱਠੇ ਭਾਈ ਸਾਹਿਬ | ੭. | ੧੦.ਰੋਗਾਂ ਦਾ ਕਾਰਨ | ੨੯ |
| ੪.ਪੂਰਨ ਗੁਰਸਿਖ ਭਾਈ ਸਾਹਿਬ | ੯. | ੧੧ਸੂਰਾ ਪੱਤਰ ਇੰਟਰਨੈਟ ਤੇ | ੩੩ |
| ੫.ਸੰਤ ਸਰੂਪ ਭਾਈ ਰਣਧੀਰ ਸਿੰਘ ਜੀ | ੨੧. | ੧੨.ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾ | ੩੪ |
| ੬.ਸ੍ਰੀ ਹਰਿਕ੍ਰਿਸ਼ਨ ਧਿਆਈਐ (ਕਵਿਤਾ) | ੨੨ | ੧੩.ਅਖੰਡਕੀਰਤਨੀਜੱਥਾ(ਚਕ੍ਰਵਰਤੀ)ਯੂ:ਕੇ.ਵਲੋਂਸਮਾਗਮ | ੩੪ |
| ੭.ਨਹਿ ਮਲੇਛ ਕੋ ਦਰਸ਼ਨ ਦੇ ਹੈ | ੨੩ | ੧੪.ਕਰਮ ਫਿਲਾਸਫ਼ੀ | ੩੫ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਪਾ: ੮ ਅਵਤਾਰ ਧਾਰਿਆ- ੧੭ ਜੁਲਾਈ

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ ਹਵਾਈ ਡਾਕ | ਪ੍ਰਦੇਸ ਸਮੁੰਦਰੀ ਡਾਕ |
|---|---|---|---|
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ਼ ਵਿਦੇਸ਼ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆ ਅਨੁਸਾਰ ਆਪਣੇ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫਰੀ ਲਿਟਰੇਚਰ ਫੰਡ ਲਈ ਪ੍ਰਾਪਤ ਸਹਾਇਤਾ

| | | | |
|---|---|---|---|
| ਸ:ਕੁਲਦੀਪ ਸਿੰਘ- | ੭੦/- | ਸ: ਜਸਵੰਤ ਸਿੰਘ- | ੧੦੦/- |
| ਸੂਰਾ ਸਟਾਫ | ੪੫੦/- | ਗੁਪਤ- | ੨੫੧/- |
| ਸ: ਮਨਧੀਰ ਸਿੰਘ | ੫੦/- | | |


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ-੯੩, ਬਲਾਕ ੧੬ ਪਾਹਵਾ ਰੋਡ, ਲੁਧਿਆਣਾ। ਫੋਨ: 543591


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੨
ਜੁਲਾਈ ੧੯੯੮
ਅੰਕ ੭

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ: ਦੇਸ਼ : ੪੦.ਰੁ: ਵਿਦੇਸ਼ :ਸਮੁੰਦਰੀ ਡਾਕ......੧੪੦.ਰੁ: ਹਵਾਈ ਡਾਕ........੪੦੦ਰੁ:
ਅਮਾਨਤੀ ਲਾਈਫ ਮੈਂਬਰਸ਼ਿਪ: ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...੧੪੦੦ਰੁ: ਹਵਾਈ ਡਾਕ.....੪,੦੦੦ਰੁ:
ਚੰਦਾ ਭੇਜਣ ਦਾ ਪਤਾ: 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੫.੦੦)

## ਜਪਹੁ ਤ ਏਕੋ ਨਾਮਾ

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥੧॥
ਜਪਹੁ ਤ ਏਕੋ ਨਾਮਾ॥ਅਵਰਿ ਨਿਰਾਫਲ ਕਾਮਾ॥੧॥ ਰਹਾਉ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥੨॥
ਮਨੁ ਸੰਪਟੁ ਜਿਤੁ ਸਤਸਰਿ ਨਾਵ੍ਣੁ ਭਾਵਨ ਪਾਤੀ ਤ੍ਰਿਪਤਿ ਕਰੇ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬੁ ਰਵਤੁ ਰਹੈ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ॥੪॥੧॥

(ਸੂਹੀ ਮ: ੧, ਪੰਨਾ ੭੨੮)

ਵਿਆਖਿਆ - ਇਸ ਗੁਰਵਾਕ ਦੀ ਅਸਥਾਈ ਦੀ ਤੁਕ ਦਸਦੀ ਹੈ ਕਿ ਇਕ ਨਾਮ ਜਾਪ ਅਭਿਆਸ ਰੂਪੀ ਕਮਾਈ ਤੋਂ ਬਿਨਾਂ ਹੋਰ ਸਭੇ ਹੀ ਕੰਮ (ਕਰਮ) ਨਿਸਫਲ ਹਨ। ਤਾਂਤੇ ਨਾਮ ਅਭਿਆਸ ਕਮਾਈ ਰੂਪੀ ਕਰਮੁ, ਸਿਰ ਕਰਮਨ ਕੇ ਕਰਮੁ ਹੈ। ਨਾਮ ਅਭਿਆਸ ਕਮਾਈ ਰੂਪੀ ਕਰਮ ਕਰਨ ਤੋਂ ਪਹਿਲਾਂ ਅੱਤ ਜ਼ਰੂਰੀ ਹੈ ਕਿ ਸੌਚ ਇਸ਼ਨਾਨ ਕਰਕੇ ਕਮਾਈ ਵਿਚਿ ਜੁਟੇ, ਸਰੀਰਕ ਸਫ਼ਾਈ ਪਹਿਲਾਂ ਕਰਨੀ ਪਰਮ ਲਾਜ਼ਮੀ ਹੈ। ਮੈਦਾਨ (ਜੰਗਲ ਪਾਣੀ) ਜਾ ਕੇ ਦਾਤਣ ਕਰੇ। ਫੇਰ ਪੂਰਨ ਸ਼ੁੱਧਤਾ ਸਹਿਤ ਇਸ਼ਨਾਨ ਕਰ ਕੇ ਸੁੱਚੇ ਪਵਿਤਰ ਸਾਫ ਬਸਤਰ ਸਜਾ ਕੇ ਅੰਮ੍ਰਿਤ ਵੇਲੇ ਰਾਤਰੀ ਦੇ ਪਿਛਲੇ ਪਹਿਰ ਨਾਮ ਜਪਣ ਹਿਤ ਜੁਟ ਕੇ ਬੈਠਣ ਲਈ ਤਿਆਰ ਹੋਵੇ। ਜਿਸ ਪਰਕਾਰ ਦੁੱਧ ਦੋਹਣ (ਧਾਰ ਕਢਣ) ਤੋਂ ਪਹਿਲਾਂ ਦੁੱਧ ਕੱਢਣ ਵਾਲੇ ਭਾਂਡੇ ਦੀ ਸਫ਼ਾਈ ਅਤੇ ਪਵਿਤਰਤਾ ਦਰਕਾਰ ਹੈ, ਏਸੇ ਪਰਕਾਰ ਨਾਮ ਅਭਿਆਸ ਕਰਮ, ਕਰਮ ਕਮਾਈ ਰੂਪੀ ਦੁੱਧ ਦੋਹਣ ਲਈ ਪਹਿਲਾਂ ਸਰੀਰ ਦੀ ਸਫ਼ਾਈ ਅਤੇ ਪਵਿੱਤਰਤਾ ਅੱਤ ਲੋੜੀਂਦੀ ਸ਼ੈ ਹੈ। ਇਸ਼ਨਾਨ ਆਦਿਕ ਸਫ਼ਾਈ ਕੀਤਿਆਂ ਤਾ ਨਿਰਫ ਸਰੀਰ ਪਵਿਤਰ ਹੀ ਹੁੰਦਾ ਹੈ, ਬਲਕਿ ਤਨ ਕਰਕੇ ਸਾਵਧਾਨਤਾ ਅਤੇ ਸੁਚੇਤਤਾ ਹੋਇ ਆਉਂਦੀ ਹੈ। ਫੇਰ ਨਾਮ ਅਭਿਆਸ (ਕਰਮ) ਰੂਪੀ ਸੁਆਸਾਂ ਦਾ ਬਿਲੋਵਨਾ ਬਿਲੋਵਨ ਲਈ ਸੁਰਤਿ ਜਾਗ (ਸਮਾਇਣ, ਜਾਮਣ) ਸੁਤੇ ਸੁਭਾਵ ਹੀ ਲਗ ਜਾਂਦਾ ਹੈ। ਯਤਨ ਕੇਵਲ ਏਤਨਾ ਹੀ ਕਰਨਾ ਪੈਂਦਾ ਹੈ ਕਿ ਨਾਮ ਗੁਰ-ਮੰਤਰ ਰੂਪੀ ਸ਼ਬਦ ਦੀ ਆਹਤ ਅਵਾਜ਼ ਨਾਲਿ ਸੁਰਤੀ ਨੂੰ ਲਾਵੇ (ਜੋੜੇ)। ਇਹ ਅਭਿਆਸੀ ਜਨ ਦਾ ਸੁਰਤਿ-


www.AKJ.Org

ਸ਼ਬਦ-ਮਈ ਕਰਮ ਹੈ। ਸ਼ਬਦ-ਸੁਰਤੀ ਨਾਮ ਅਭਿਆਸ ਕਰਨ ਲਗਿਆਂ ਹੋਰ ਆਸ਼ਾਵਾਂ ਵਲੋਂ ਨਿਰਾਸਾ ਹੋ ਕੇ, ਹੋਰ ਸੰਕਲਪ-ਵਿਕਲਪੀ ਖ਼ਿਆਲਾਂ ਤੋਂ ਨਿਰਖ਼ਿਆਲਾ ਹੋ ਕੇ ਜੁਟੋ। ਇਕ ਵਾਰ ਪਹਿਲਾਂ ਪ੍ਰਿਥਮੇ ਇਤਨੀ ਹੀ ਦਮ-ਕਰਾਰੀ (ਇਕ ਛਿਨ ਭਰ ਮਨ ਦੀ ਅਸਥਿਤੀ) ਕਰਨ ਦੀ ਲੋੜ ਹੈ। ਫੇਰ ਨਾਮ ਅਭਿਆਸ ਸ਼ਬਦ-ਸੁਰਤਿ ਦੀ ਪਾਰਸ ਕਲਾ ਆਪੇ ਹੀ ਸੁਰਤੀ ਨੂੰ ਲਿਵ-ਮਗਨ ਕਰ ਲਵੇਗੀ। ਇਤ ਬਿਧਿ ਸੁਆਸ ਅਭਿਆਸੀ ਸ਼ਬਦ ਸੁਰਤਾਸੀ ਪਾਰਸ ਕਲਾ ਨਾਲ ਨਾਮ ਰੂਪੀ ਦੁੱਧ ਬਿਲੋਇਆ ਹੋਇਆ (ਰਿੜਕਿਆ ਹੋਇਆ) ਤੱਤ ਜੋਤਿ ਰਹੱਸ, ਆਤਮ ਵਿਗੱਸੀ ਮੱਖਣ ਉਪਜਾਉਂਦਾ ਹੈ, ਘਟ ਰੂਪੀ ਮਟਕੀ ਚਾਟੀ ਅੰਦਰਿ ਹੀ ਵਿਗਸਾਉਂਦਾ ਹੈ। ਇਸ ਘਟ ਸਰੀਰ ਰੂਪੀ ਮਟਕੀ ਅੰਦਰਿ ਨਾਮ ਅਭਿਆਸ ਰੂਪੀ ਸੁਰਤੀ ਸੁਆਸੀ ਜਾਗ ਵਾਲਾ ਦੁੱਧ ਦੱਧੀ ਅਧਰਿੜਕਾ (ਮਲਾਈ ਵਾਲਾ ਦਹੀਂ) ਬਿਲੋਇਆ ਰਿੜਕਿਆ ਜਾਂਦਾ ਹੈ। ਸਰੀਰ ਰੂਪੀ ਮਟਕੇ ਅੰਦਰਿ ਹੀ ਰਸ-ਜੋਤਿ ਜਲਵੰਨੀ ਮੱਖਣ ਪਰਜੁਲਤ ਹੋ ਜਾਂਦਾ ਹੈ।

ਜਿਵੇਂ ਦੁੱਧ-ਰਿੜਕਣੇ ਮਧਾਣੇ ਦੇ ਨੇਤ੍ਰੇ ਦੀਆਂ ਗੁੱਲੀਆਂ (ਈਟੀਆਂ) ਦੋਹਾਂ ਹੱਥਾਂ ਵਿਚ ਫੜ ਕੇ ਮਧਾਣੇ ਨੂੰ ਦੁੱਧ ਰਿੜਕਣ ਲਈ ਹਿਲਾਈਦਾ ਹੈ, ਏਸੇ ਪਰਕਾਰ ਨਾਮ ਅਭਿਆਸ ਦਾ ਬਿਲੋਵਨਾ ਬਿਲੋਵਨ ਲਈ ਮਨ ਦੀਆਂ ਸੁਰਤੀਆਂ ਨੂੰ ਜੋੜ ਕੇ ਅਰਧ ਉਰਧੀ ਸੁਆਸਾਂ ਦਾ ਸੁਰਤਿ-ਸ਼ਬਦ ਨਾਲਿ ਜੋੜਨਾ ਲਾਜ਼ਮੀ ਹੈ। ਜਿਵੇਂ ਨੇਤ੍ਰੇ ਦੀ ਗੁੱਲੀ ਇਕ ਹੱਥ ਨਾਲਿ ਫੜ ਕੇ ਤਾਂ ਆਪਣੇ ਵਲ ਖਿੱਚੀਦੀ ਹੈ ਅਤੇ ਦੂਜੇ ਹੱਥ ਵਾਲੀ ਗੁੱਲੀ ਢਿੱਲੀ ਛਡ ਕੇ ਪਰੇ ਨੂੰ ਜਾਣ ਦੇਈਦੀ ਹੈ ਏਵੇਂ ਜਿਵੇਂ ਸ਼ਬਦ ਅਭਿਆਸ ਦਾ ਬਿਲੋਵਨਾ ਬਿਲੋਈਦਾ ਹੈ। ਸੁਆਸ ਸੁਰਤੀ ਨੂੰ ਖਿਚ ਕੇ 'ਵਾਹਿ' ਅਰਥ ਸ਼ਬਦ (ਨਾਮ) ਨੂੰ ਤਾਂ ਉਪਰ ਨੂੰ (ਅੰਦਰਗਤੀ) ਲਿਜਾਈਦਾ ਹੈ। ਅਤੇ ਜੋਤਿ-ਚਮਕ-ਪਾਰਸੀ 'ਗੁਰੂ' ਨੂੰ ਰਸਨਾ ਤੇ ਰਸਾ ਕੇ ,ਰੜਕਾ ਕੇ ਬਾਹਰਵਾਰ ਨੂੰ ਕਢੀਦਾ ਹੈ। ਇਸ ਬਿਧਿ ਸ਼ਬਦ ਬਿਲੋਵਨੀ ਨੇਤ੍ਰੇ ਰੂਪੀ ਖੰਡਾ ਪੂਰਨ ਸੁਰਤਿ ਅਭਿਆਸ ਨਾਲਿ ਇਕ-ਰਸ ਅਰਧ ਉਰਧੀ ਸੁਆਸਾਂ ਸੇਤੀ ਖੜਕਾਉਂਦੇ ਹੋਏ ਪੱਕੀ ਸਾਵਧਾਨਤਾ ਅਤੇ ਸੁਜਾਗਤਾ ਰਹਿੰਦੀ ਹੈ, ਕਦੇ ਆਲਸ ਨਹੀਂ ਆਉਂਦੀ। ਜਿਉਂ ਜਿਉਂ ਬਿਲੋਵਨਾ ਬਿਲੌਂਦਿਆਂ ਰਸ ਤੱਤ-ਜੋਤਿ ਰਹੱਸ ਉਗਵਣਾ ਅਰੰਭ ਹੁੰਦਾ ਹੈ ਤਿਉਂ ਤਿਉਂ ਸੁਆਸ ਅਭਿਆਸੀ ਖੰਡਾ ਪੂਰੀ ਜ਼ੋਰ ਭਰੀ ਸਾਵਧਨਤਾ ਨਾਲਿ ਵਧੇਰੇ ਖੜਕਦਿਆਂ ਖੜਕਦਿਆਂ ਫੇਰ ਆਤਮ-ਰਸ ਬਿਸਮਾਦ ਸੁਆਦ ਦੇ ਅਧੀਨ ਆਪੋਂ ਹੀ ਸਾਵਧਾਨਤਾ ਸੁਚੇਤਨੀ ਚੇਤੰਨਤਾ ਆਇ ਸੰਪੂਰਤ ਹੁੰਦੀ ਹੈ, ਜੋ ਕਦੇ ਆਲਸ ਨਿਦ੍ਰਾ ਆਉਣ ਹੀ ਨਹੀਂ ਦਿੰਦੀ। ਪਹਿਲਾਂ ਪਹਿਲਾਂ ਯਤਨ ਜ਼ਰੂਰ ਕਰਨਾ ਪੈਂਦਾ ਹੈ ਅਤੇ ਯਤਨ ਨਾਲਿ ਜਾਗਤ੍ਰ ਰਖਣ ਦਾ ਸੁਰਤ ਉਪਰਾਲਾ ਕਰਨਾ ਪੈਂਦਾ ਹੈ। ਇਕੁਰ ਬਿਲੋਵਨਾ ਬਿਲੋਵਨ ਦੇ ਸਿਲਸਿਲੇ ਵਿਚਿ ਸਪਸ਼ਟ ਤੌਰ ਤੇ ਰਸਨਾ ਕਰਕੇ ਸੁਆਸਾਂ ਦੀ ਸੇੜ੍ਹ ਅੰਦਰਿ ਨਾਮ-ਜਾਪ ਦਾ ਹੁੰਦੇ ਰਹਿਣਾ ਪਰਮ ਜ਼ਰੂਰੀ ਹੈ।

ਐਸਾ ਨਾ ਹੋਵੇ ਕਿ ਨਿਰੀ ਸੁਆਸਾਂ ਦੀ ਹੀ ਆਹਤ ਆਵਾਜ਼ ਰਹਿ ਜਾਵੇ। ਇਹ ਆਹਤੀ ਸੁਆਸ ਅਭਿਆਸ ਨਾਮ ਉਚਾਰ ਦੇ ਰਸਿ ਰੰਗਾਂ ਨਾਲਿ ਮਿਸ਼ਰਨ ਹੋਇਆ, ਰਸਨਾ ਤੋਂ ਨਿਕਸਦਾ ਰਹਿਣਾ ਅਤੀਅੰਤ ਲੋੜੀਂਦਾ ਹੈ। ਨਹੀਂ ਤਾਂ ਫੋਕੀ ਸੁਾਸ-ਧੌਂਕਣੀ ਦੀ ਹੌਂਕਣੀ ਨਾਲਿ ਅੰਮ੍ਰਿਤ ਤੱਤ-ਰਸ ਅਮਿਉ-ਮੱਖਣ ਨਹੀਂ ਨਿਕਲਣਾ, ਨਾ ਹੀ ਅਭਿਆਸ ਅਭਿਆਸਣੀਆਂ ਦੁੱਧ ਮਥਿਆ ਜਾਣਾ ਹੈ। ਇਸ ਬਿਧਿ ਦੁੱਧ ਦਾ ਮਥਣਾ ਰਿੜਕਣਾ ਅਕਾਰਥ ਹੀ ਜਾਵੇਗਾ। "ਰਸਨਾ ਨਾਮੁ, ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤ ਪਾਵਹੁ" ਆਸ ਕਰਿ ਰਸਨਾ ਦੇ ਨਾਲਿ ਰਸ ਰੜਕ ਨਾਲਿ ਸਪਰਸ਼ ਕੇ ਪਾਰਸ ਸ਼ਬਦ 'ਗੁਰੂ' ਦੀ ਧੁਨੀ ਦਾ ਧੁੰਨਤ ਹੋਣਾ ਅਤਿਅੰਤ ਹੀ ਲਾਜ਼ਮੀ ਸ਼ੈ ਹੈ। ਏਸੇ ਪਰਕਾਰ ਉਪਰ ਨੂੰ ਸੁਆਸ ਖਿਚਦਿਆਂ 'ਵਾਹ' ਸ਼ਬਦ ਦੀ ਸਪਰਸ਼ਤਾ ਦੀ ਨਿਰਾਲਮੀ ਛੋਹ ਹਲਕ ਤਾਲੂ ਅਤੇ ਉਪਰਲੇ ਦਸਮ ਦੁਆਰੀ ਪੁਲਾੜ ਅੰਦਰਿ ਨਿਗਲੀ ਜਾਣੀ ਚਾਹੀਦੀ ਹੈ। ਨਹੀਂ ਤਾਂ ਬਿਸਮਾਦਤਾ ਜ਼ਾਇਆ ਹੋ ਜਾਵੇਗੀ। ਇਹ ਬਿਸਮਾਦਤਾ ਪਾਰਸ-ਸ਼ਬਦ, ਧੁਰੋਂ ਆਏ ਪਰ ਬਿਸਮਾਦੀ ਪਾਰਸ ਸ਼ਬਦ ਦੀ ਛੋਹ ਨਾਲਿ, ਪਾਰਸ ਪ੍ਰਭਾਵੀ ਛੋਹ ਨਾਲਿ ਹੀ ਹੈ। ਸੁੱਕੇ ਹੇਠਾਂ ਉਤਾਹਾਂ ਲਏ ਸਾਹਾਂ ਦੇ ਚੜ੍ਹਾਉ ਉਤਰਾਉ ਵਿਚਿ ਇਹ ਪਾਰਸ-ਕਲਾ ਨਹੀਂ ਧਰੀ ਪਈ। ਇਹ ਪਾਰਸ ਕਲਾ ਵਾਲਾ ਅੰਮ੍ਰਿਤ-ਨਾਮ ਧੁਰ ਅਮਰ ਅਟਾਰਿਆਂ ਤੋਂ ਹੀ ਉਤਰਿਆ ਹੈ, ਕਿਸੇ ਦਾ ਬਣਾਇਆ ਨਹੀਂ ਬਣਿਆ।


www.AKJ.Org

ਗੁਰੂ ਸਾਹਿਬ, ਅਸਾਡੇ ਧੁਰਿ ਅਮਰ ਦਰਗਾਹੀ ਬਸੀਠ ਨੇ ਅਸਾਡੇ ਤੇ ਇਹ ਪਰਮ ਅਮਰ ਪ੍ਰਸਾਦੀ ਕਿਰਪਾ ਕੀਤੀ ਕਿ ਇਹ ਅੰਮ੍ਰਿਤ-ਨਾਮ ਸਤਿਗੁਰੂ ਨੇ ਆਪਣੀ ਅੰਮ੍ਰਿਤ-ਕਲਾ ਦੁਆਰੇ ਅਧਿਕਾਰੀ ਜਨਾਂ ਦੇ ਅੰਤਰਿ-ਆਤਮੇ ਪਰਵੇਸ਼ ਕਰਨ ਦਾ ਧੁਰਵਾ ਬੰਨ੍ਹਿਆ। ਨਹੀਂ ਤਾਂ ਅਲਪੱਗ ਜੀਵਾਂ ਨੂੰ ਆਪਣੀ ਚਤੁਰਾਈ ਭਰੀ ਕਲਾਕਾਰੀ ਦੁਆਰਾ ਇਸ ਪਾਰਸ-ਭੂਤੀ ਅੰਮ੍ਰਿਤ-ਨਾਮ ਨੂੰ ਵਰਤਣ ਦਾ ਕੀ ਚੱਜ ਹੋ ਸਕਦਾ ਹੈ । ਆਪੋਂ ਬਣੇ ਆਪ-ਹੁਦਰੇ ਬਨਾਵਟੀ ਸੰਤਾਂ ਦੀ ਜੁਗਤੀ ਸਭ ਬਨਾਵਟੀ ਕੁਚਜੱਤਾ ਵਾਲੀ ਹੀ ਹੁੰਦੀ ਹੈ।

ਸੱਚਾ ਸੁਚੱਜ ਸਤਿਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੀ ਅਮਰ ਕਲਾ ਵਾਲੀ ਗੁਰ ਦਰਗਾਹੋਂ ਪੰਜ ਜਨਾਂ ਦੇ ਪੰਚਾਇਣੀ ਸੀਨਿਆਂ ਅੰਦਰਿ ਅਮਰ ਜੁਗਤੀ ਨਾਲ ਜੁਗਤਾ ਕੇ ਪਰਚੁਰ ਕੀਤਾ, ਤਾਂਕਿ ਪਾਰਸ ਰੂਪੀ ਅੰਮ੍ਰਿਤ-ਨਾਮ ਦੀ ਪਾਰਸ ਕਲਾ ਦੀ ਛੋਹ ਅਛੋਹ ਨਾ ਹੋ ਜਾਵੇ। ਮੁਖ ਰਸਨਾ ਸੇਤੀ ਅੰਮ੍ਰਿਤ-ਕਲਾਵੀ ਪਾਰਸ ਦਾ ਪਰਸਿਆ ਜਾਣਾ ਗੁਰਮਤਿ ਦੀ ਸਾਜ਼ ਸੁਰਾਜ਼ੀ ਗੌਝ ਜੁਗਤੀ ਹੈ, ਜੋ ਗੁਰਮੁਖਾਂ ਪੰਜਾਂ ਜਨਾਂ ਦੇ ਰਾਜ਼-ਮਰੰਮੀ ਸੀਨਿਆਂ ਅੰਦਰਿ ਪੁਸ਼ਤ ਬਪੁਸ਼ਤੀ ਪਰਚਲਤ ਹੋਈ ਚਲੀ ਆਉਂਦੀ ਹੈ, ਜੋ ਸ੍ਰੀ ਗੁਰੂ ਨਾਨਕ ਦਸਮੇਸ਼ ਦੇ ਸਮੇਂ ਤੋਂ ਲੈ ਕੇ ਲਗਾਤਾਰ ਚਲੀ ਆਉਂਦੀ ਹੈ। ਮਨਮੁਖਾਂ ਨੂੰ ਇਸ ਗੱਲ ਦਾ ਭੇਦ ਨਹੀਂ ਖੁਲ੍ਹਦਾ। ਨਾ ਹੀ ਖੁੱਲਣਾ ਚਾਹੀਦਾ ਹੈ। ਗੁਰਮਤਿ ਦਰਸਾਇਆ ਇਹ ਸਰਬੋਤਮ ਕਰਮ ਨਾਮ ਅਭਿਆਸ ਦੀ ਜੁਗਤੀ ਦਾ ਪੰਚ ਪਰਵਾਨ ਪੰਚ ਪਰਧਾਨ ਗੁਰਮੁਖ ਪਿਆਰਿਆਂ ਨੂੰ ਹੀ ਸਸ਼ੋਭਤ ਹੈ। ਹੋਰਥੈਂ ਸੋਭਾ ਨਹੀਂ ਪਾਉਂਦਾ। ਨਾ ਹੀ ਹੋਰਥੇ ਇਸ ਅੰਮ੍ਰਿਤ-ਕਰਮ ਦਾ ਮਰਮ ਕਿਤੇ ਪਾਇਆ ਜਾਂਦਾ ਹੈ। ਬਸ, ਕੇਵਲ ਗੁਰੂ ਵਿਖੇ ਹੀ ਮਹਿਫ਼ੂਜ਼ ਹੈ। ਇਹ ਤਾਂ ਉਪਰਲੇ ਗੁਰਵਾਕ ਦੇ ਪਹਿਲੇ ਦੋ ਅੰਕਾਂ ਦਾ ਅਨੁਵਾਦ ਹੈ।

ਦੂਜੇ ਦੋ ਅੰਕਾਂ ਵਿਚਿ ਆਨਮਤੀਆਂ ਦੀ ਪਾਖੰਡ ਰੂਪ ਠਾਕੁਰ-ਪੂਜਾ ਦਾ ਖੰਡਨ ਕਰ ਕੇ, ਸੱਚੇ ਗੁਰਮਤਿ ਕਰਮ ਨੂੰ ਇਸ ਦੇ ਮੁਕਾਬਲੇ ਤੇ ਪਰਸਿੱਧ ਕਰਕੇ ਪਰਧਾਨ ਜਣਾਇਆ ਹੈ। ਆਨਮਤੀ ਕਰਮਚਾਰੀ ਪਾਹਨ (ਪੱਥਰਾਂ) ਦੇ ਠਾਕੁਰ ਬਣਾ ਕੇ (ਸਪੰਟੀ ਬੰਦ) ਡੱਬੇ ਵਿਚਿ ਰਖਦੇ ਹਨ, ਨਦੀ ਵਿਚ ਨਾਵਾਲਦੇ ਹਨ, ਪੱਤਿਆਂ (ਪਤੋਂਰਾਂ) ਤੇ ਫੁੱਲਾਂ ਦੇ ਚੜ੍ਹਾਵੇ ਚੜ੍ਹਾ ਕੇ ਆਪਣੇ ਮਨ-ਮੰਨੇ ਅਤੇ ਖੁਦ-ਘੜੇ ਹੋਏ ਠਾਕਰਾਂ ਨੂੰ ਪਰੰਸਨ ਕਰਦੇ ਹਨ। ਇਸ ਪਰਕਾਰ ਦੀ ਪੂਜਾ ਵਾਲੇ ਆਨਮਤੀ ਕਿਰਿਆ-ਕਰਮ ਦੇ ਮੁਕਾਬਲੇ ਵਿਚਿ ਰੱਬ ਦੇ ਰੀਝਾਉਣ ਵਾਲੀ ਅਸਲੀ ਗੁਰਮਤਿ ਅਗਲੇ ਦੋਹਾਂ ਅੰਕਾਂ ਵਿਚਿ ਇਸ ਪਰਕਾਰ ਦਰਸਾਉਂਦੇ ਹਨ ਅਸਾਡੇ ਗੁਰੂ ਗੁਰੂ ਨਾਨਕ ਸਾਹਿਬ ਜੀ ਕਿ ਹਿਰਦੇ ਅੰਦਰਿ ਹਰੀ ਨੂੰ ਨਾਮ ਅਭਿਆਸ ਦੁਆਰਾ ਵਸਾ ਕੇ ਗੁਰੂ ਘਰ ਦੇ ਸਤਿਸੰਗ ਦਰਬਾਰ ਵਿਚਿ ਨਿਤਾਪ੍ਰਤਿ ਹਾਜ਼ਰੀ ਭਰ, ਜਿਸ ਕਰਕੇ ਸਾਰੀਆਂ ਕਦੂਰਤਾਂ (ਭੈੜੀਆਂ ਵਾਦੀਆਂ) ਦੂਰ ਹੋ ਜਾਂਦੀਆਂ ਹਨ ਅਤੇ ਇਹ ਮਨੂਆ ਭੀ ਸੁਅੱਛ ਹੋ ਕੇ ਨਿਰਮਲਤਾ ਵਾਲਾ ਹੋ ਜਾਂਦਾ ਹੈ। ਅਤੇ ਪ੍ਰੇਮ ਦਾ ਚੜ੍ਹਾਵਾ ਚੜ੍ਹਾ ਕੇ ਅਤੇ ਜੀਵਨ ਕੁਰਬਾਨੀ ਦੀ ਅਹੂਤੀ · ਦੇ ਕੇ ਪੂਜਾ ਕਰਨ ਨਾਲਿ ਪ੍ਰਮਾਤਮਾ ਪਰਸੰਨ ਹੁੰਦਾ ਹੈ ਤੇ ਤੁਠ ਕੇ ਆਪਣਾ ਸਦੀਵੀ ਦਰਸ ਮਿਲਾਪ ਬਖਸ਼ਦਾ ਹੈ। ਮਨ-ਹਿਰਦੇ ਨੂੰ ਹਰੀ ਦੇ ਨਿਵਾਸ ਦਾ ਘਟ-ਸੰਪਟੀ ਡੱਬਾ ਬਣਾਵੇ ਅਤੇ ਗੁਰੂ ਘਰ ਦੀ ਸਤਿ-ਸੰਗਤਿ ਦੇ ਸਰੋਵਰ ਵਿਚਿ ਇਸ ਦਾ ਅਮਿਓ-ਮੱਜਨੀ ਇਸ਼ਨਾਨ ਕਰੇ। ਅਤੇ ਸ਼ਰਧਾ ਭਾਵਨੀ ਦੇ ਫੁੱਲ ਪੱਤਰ ਚੜ੍ਹਾ ਕੇ ਪਤੀ ਪਰਮੇਸ਼ਰ ਰੂਪੀ ਦੇਵਤੇ ਦੀ ਸੱਚੀ ਪ੍ਰਸੰਨਤਾ ਲਵੇ। ਆਪਣੇ ਪ੍ਰਾਣ ਤਕ ਭੀ ਅਰਪਨ ਕਰ ਕੇ ਸੇਵਕ ਜਨ ਸੇਵਾ ਰੂਪੀ ਪੂਜਾ ਕਰੇ। ਤਦ ਜਾ ਕੇ ਉਹ ਸੱਚੇ ਪ੍ਰੀਤਮ ਖਸਮ ਦਾ ਸੰਜੋਗ-ਰਸ ਮਾਣ ਸਕਦਾ ਹੈ। ਸ਼ਰਧਾ ਭਾਵਨੀ ਰੂਪ ਪੁਜਾਰੀ ਪਰਮਾਤਮ-ਦੇਵਤਾ ਨੂੰ ਤ੍ਰਿਪਤ ਕਰ ਸਕਦਾ ਹੈ। ਸਾਹਿਬ ਸੱਚੜੇ ਪਤੀ ਨੂੰ ਰਾਵਣ ਦਾ ਇਕੋ ਇਕ ਜ਼ਰੀਆ ਇਹੋ ਹੈ ਕਿ ਪ੍ਰਾਣ ਮਨ ਤਨ ਸਭ ਕੁਛ ਉਸ ਦੀ ਸੇਵਾ ਦੇ ਮਾਰਗ ਵਿਚਿ ਅਰਪ ਦੇਵੇ। ਕਹਿਣ ਵਾਲੇ ਹੋਰ ਹੋਰ ਪੂਜਾਵਾਂ ਵਿਚਿ ਖਚਤ ਹੋ ਕੇ ਆਨ ਦੇਵ ਸੇਵਾ ਦੀ ਮਹਿਵਤਾ ਵਿਚ ਦੁਨੀਆਂ ਤੋਂ ਵਿਦਾ ਹੁੰਦੇ ਚਲੇ ਜਾਂਦੇ ਹਨ। ਪ੍ਰੰਤੂ ਹੇ ਵਾਹਿਗੁਰੂ ! ਤੇਰੇ ਸਮਸਰ ਦਾ ਨਾ ਕੋਈ ਹੋਰ ਹੋਇਆ ਹੈ ਨਾ ਹੋਵੇਗਾ। ਭਗਤੀ ਤੋਂ ਹੀਣਿਆਂ ਦੀ ਇਹੀ ਜਾਚਨਾ ਹੋਣੀ ਚਾਹੀਦੀ ਹੈ ਕਿ ਇਕੋ ਵਾਹਿਗੁਰੂ ਦੀ ਸਿਫਤ ਸਾਲਾਹੀ ਸਾਲਾਹੁਣ ਕਰਮ ਕਮਾਉਣ ਨੂੰ ਮਿਲੇ। ਆਣ ਦੇਵ ਸੇਵ ਟੇਵ ਉਕੀ ਹੀ ਮਿਟ ਜਾਵੇ। ਸ੍ਰੀ ਗੁਰੂ ਨਾਨਕ ਸਾਹਿਬ ਭਗਤਿ-ਹੀਣਾਂ ਨੂੰ ਸੱਚਾ ਭਗਤੀ ਭਾਵ ਵਾਲਾ ਪਰਧਾਨ ਕਰਮ ਜਣਾਉਂਦੇ ਦ੍ਰਿੜਾਉਂਦੇ ਹਨ, ਜਿਸ ਪ੍ਰਧਾਨ ਗੁਰਮੁਖਿ ਕਰਮ ਦੇ ਬਰੋਬਰ ਹੋਰ ਕੋਈ ਕਰਮ ਨਹੀਂ, ਨਾ ਕੋਈ ਧਰਮ ਹੀ ਹੈ।



www.AKJ.Org

## ਅਕਾਲ ਪੁਰਖ ਦੀ ਦਰਗਾਹ

(ਵਲੋਂ-ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਜਿਨ੍ਹਾਂ ਗੁਰਮੁਖਾਂ ਨੂੰ ਸੱਚਾ ਪਾਤਸ਼ਾਹ ਆਪਿ ਨਾਮ ਦੀ ਸਚੀ ਵਡਿਆਈ ਬਖਸ਼ਦਾ ਹੈ, ਸੋਈ ਜਨ ਸਚੀ ਦਰਗਾਹੇ ਸਚਿਆਰ ਜਾਣੇ ਜਾਂਦੇ ਹਨ। ਜਿਸ ਸਚਿਆਰ ਸਿਖ ਨੂੰ ਵਾਹਿਗੁਰੂ ਆਪ ਸਚੜਾ ਗੁਰਮਤਿ ਮਾਰਗ ਬੁਝਾਉਂਦਾ ਸੁਝਾਉਂਦਾ ਹੈ, ਗੁਰਮਤਿ ਨਾਮ-ਕਮਾਈਆਂ ਵਿਚ ਆਉਂਦਾ ਹੈ ਉਸ ਨੂੰ ਸੱਚੀ ਦਰਗਾਹ ਅੰਦਰ ਸਦਾ ਹੀ ਸੱਚੜਾ ਮਾਨ ਪ੍ਰਾਪਤ ਹੁੰਦਾ ਹੈ।ਯਥਾ ਗੁਰਵਾਕ:-

ਜਿਨਾਂ ਆਪੇ ਗੁਰਮੁਖਿ ਦੇ ਵਡਿਆਈ,
ਸੇ ਜਨ ਸਚੀ ਦਰਗਹਿ ਜਾਣੈ॥ (੫੫੩)

ਦੇਖੋ। ਸਤਿਗੁਰੂ ਦੀ ਦ੍ਰਿੜਾਈ ਸਚੀ ਕਾਰ ਕਮਾਵਣ-ਹਾਰਿਆਂ ਦਾ ਅੱਗਾ ਇਸ ਅਗਲੇਰੇ ਵਾਕ ਅੰਦਿਰ ਕੈਸਾ ਸੁੰਦ੍ਰਾਵਲਾ ਦਰਸਾਇਆ ਦਰਸਾਇਆ ਗਇਆ ਹੈ।

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥ ਗੁਰੂ ਦੁਆਰੈ ਹੋਇ ਕੈ ਸਾਹਿਬ ਸੰਮਾਲੇਹੁ॥ ਸਾਹਿਬੁ ਸਦਾ ਹਜੂਰ ਹੈ ਭਰਮੈ ਕੇ ਛਉੜ ਕਟਿ ਕੈ ਅੰਤਿਰ ਜੋਤਿ ਧਰੇਹੁ॥ ਹਰਿ ਕਾ ਨਾਮੁ ਅੰਮ੍ਰਿਤੁ ਹੈ, ਦਾਰੂ ਏਹੁ ਲਾਇਹੁ॥ ਸਤਿਗੁਰ ਕਾ ਭਾਣਾ ਚਿਤਿ ਰਖਹੁ, ਸੰਜਮੁ ਸਚਾ ਨੇਹੁ॥ ਨਾਨਕ ਐਥੇ ਸੁਖੈ ਅੰਦਿਰ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ॥

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਜਿਨ੍ਹਾਂ ਗੁਰਮੁਖਾਂ ਗੁਰਸਿੱਖਾਂ ਨੇ ਸਤਿਗੁਰੂ ਦੀ ਫੁਰਮਾਈ ਇਹ ਕਾਰ ਕਮਾਈ ਹੈ। ਪਹਿਲਾਂ ਗੁਰੂ-ਦੁਆਰੇ ਹਾਜ਼ਰ ਹੋਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਪਾਨ ਕਰਿ ਗੁਰੂ-ਦੀਖਿਆ-ਮਈ ਗੁਰਮੰਤ੍ਰ ਲਿਆ ਅਤੇ ਗੁਰਮੰਤ੍ਰ ਲੈ ਕੇ ਸਾਹਿਬ ਸੰਮਾਲਿਆ ਹੈ, ਸੰਮਾਲਨ ਕਰਿ ਕਲਾਧਾਰੀ ਗੁਰੂ-ਸਰੂਪ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਛਕਣਹਾਰਿਆਂ ਦੇ ਅੰਤਰਿ ਜੋਤ ਪ੍ਰਕਾਸ਼ ਕਰ ਕੇ ਸਾਹਿਬ ਸਚਾ ਪਾਤਸ਼ਾਹੁ ਸਦ ਹਜ਼ੂਰ ਦਿਖਾਲਿਆ ਹੈ ਅਤੇ ਸਰਬ ਦਾਰੂਆਂ ਸਿਰਿ ਦਾਰੂ-ਮਈ ਸੁਖ ਜੀਵਨੀ ਅੰਮ੍ਰਿਤ ਪਿਆਲਾ ਪਿਆਲਿਆ ਹੈ ਅਤੇ ਨੇਹ ਸੰਜਮੀ ਸਚਾ ਭਾਣਾ ਮਿਠਾ ਕਰਿ ਮਨਾਇਆ ਹੈ. ਗੁਰੂ ਨਾਨਕ ਸਾਹਿਬ ਸਚੀ ਸਾਖਾ ਭਰਦੇ ਹਨ ਕਿ ਤਿਨ੍ਹਾਂ ਦਰਿ ਪਰਵਾਨ ਪਏ ਗੁਰਮੁਖ ਜਨਾਂ ਨੂੰ ਸਚਾ ਪਾਤਸ਼ਾਹ ਵਾਹਿਗੁਰੂ ਆਪਣੀ ਨਦਰ ਮੇਹਰ ਕਰਿ "ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ॥" ਦੇ ਗੁਰ-ਸਿਟੇ ਅਨੁਸਾਰ ਐਥੈ(ਇਸ ਲੋਕ ਵਿਚ) ਅੰਮ੍ਰਿਤ ਸੁਖ ਸਹਜਤਾ ਅੰਦਰਿ ਰਖਦਾ ਹੈ ਅਤੇ ਅਗੈ (ਅਗਲੇ ਲੋਕ ਵਿਖੇ) ਪਰਮਾਤਮਾ ਸੰਗਿ ਮੇਲ ਕੇਲ ਰੰਗ-ਰਲੀਆਂ ਮਾਨਣ ਦਾ ਪ੍ਰਮ ਅਧਿਕਾਰੀ ਬਣਾਉਂਦਾ ਹੈ। ਕੈਸਾ ਸੋਹਣਾ ਅੱਗਾ ਗੁਰਮੁਖ ਨਾਮ-ਕਮਾਈ ਵਾਲਿਆਂ ਦਾ ਇਸ ਉਪਰਲੇ ਗੁਰਵਾਕ ਦੀ ਰੌਸ਼ਨੀ ਵਿਚ ਨਿਖਰਿਆ ਹੈ। ਅਗਲਾ ਗੁਰਵਾਕ 'ਅੱਗੇ' ਦੇ ਵਰਤਾਰੇ ਦੀ ਨਿਰਸੰਦੇਹਤਾ ਇਸ ਬਿਧਿ ਨਿਸਚੇ ਕਰਾਉਂਦਾ ਹੈ।

ਹਉਮੈ ਵਿਚਿ ਜਗਤੁ ਮੁਆ, ਮਰਦੋ ਮਰਦਾ ਜਾਇ॥ ਜਿਚਰੁ ਵਿਚਿ ਦੰਮੁ ਹੈ, ਤਿਚਰੁ ਨ ਚੇਤਈ, ਕਿ ਕਰੇਗੁ ਅਗੈ ਜਾਇ॥ ਗਿਆਨੀ ਹੋਇ ਸੁ ਚੇਤੰਨੁ ਹੋਇ, ਅਗਿਆਨੀ ਅੰਧੁ ਕਮਾਇ॥ ਨਾਨਕ ਏਥੈ ਕਮਾਵੈ ਸੋ ਮਿਲੈ, ਅਗੈ ਪਾਏ ਜਾਇ॥ (ਸਲੋਕ ਮ:੩,ਪੰਨਾ ੫੫੫)

ਨਾਮੋਂ ਘੁਥਾ ਜਗ, ਸਾਰਾ ਜਗਤ ਹੀ ਹਉਮੈ ਵਿਚ ਬਫਾਇ ਬਫਾਇ ਅਧਮੋਇਆ ਹੁਇ ਹੁਇ ਮਰਦਾ ਹੈ, ਖਿਨ ਖਿਨ ਨਵੀਂ, ਨਿਤ ਨਵੀਂ ਮਰਨੀ ਮਰਦਾ ਹੈ ਅਤੇ ਮੁਰਦੋ ਮਰਦਾ ਹੀ ਚਲਿਆ ਜਾਂਦਾ, ਅਰਥਾਤ ਜਨਮ ਬਤੀਤ ਕਰਦਾ ਹੈ। ਜਿਨਾ ਚਿਰ ਜਗਤ ਮੁਏ ਸੰਸਾਰੀ ਬੰਦਿਆਂ ਅੰਦਿਰ ਜ਼ਿੰਦਗੀ ਦਾ ਸਾਹੁ (ਦੰਮ) ਵਗਦਾ ਹੈ, ਉਤਨਾ ਚਿਰ ਤਾਂ ਵਾਹਿਗੁਰੂ ਨਾਮ ਦਾ ਸਿਮਰਨ ਭਜਨ ਇਕ ਨਿਮਖ ਮਾਤਰ ਭੀ ਜਗਤ-ਬੰਧਨੀ ਸੰਸਾਰੀ ਬੰਦਿਆਂ ਤੋਂ ਹੁੰਦਾ ਨਹੀਂ। ਤਿਨ੍ਹਾਂ ਦੀ ਸਾਰੀ ਜ਼ਿੰਦਗੀ, ਮਨੁੱਖ ਜੀਵਨ ਜਨਮ ਯਾਤਰਾ ਯਾਤਰਾ ਦੇ ਸਾਰੇ ਦੰਮ (ਸੁਆਸ) ਬਿਰਥੇ ਜਾਂਦੇ ਹਨ (ਨਾਮ ਬਿਹੂਨੜੇ ਹੋਣ ਕਰਕੇ)। ਜਦੋਂ ਦੰਮ (ਸੁਆਸ) ਤਨ ਸਰੀਰੋਂ ਨਿਕਲ ਗਿਆ ਤਾਂ ਫੇਰ ਹਉਮੈ-ਅਗਨ ਕਰਿ ਜਲੰਦਾ ਜਗਤ, ਸੰਸਾਰੀ ਬੰਦਾ ਅਗੇ ਜਾ ਕੇ ਕੀ ਕਰੇਗਾ? ਕੀ ਕਰਨਾ ਸੀ, ਹੱਥ ਮਰੋੜੇਗਾ ਤੇ ਸਿਰ ਧੁਨੇਗਾ। ਆਪਣਾ ਕੀਤਾ ਪਾਵੇਗਾ ਤੇ ਮੂਹਿ-ਮੁਹਿ ਚੋਟਾਂ ਖਾਵੇਗਾ। ਸਚੇ ਗੁਰ-ਗਿਆਨ ਵੀਚਾਰ ਵਾਲੇ ਬੰਦੇ ਤਾਂ ਸਚਿਆਰਤਾ ਸਹਿਤ ਚੇਤੰਨ ਸਾਵਧਾਨ ਹੋ ਕੇ ਆਪਣਾ ਸਮਾਂ ਸੰਮਾਲ ਲੈਂਦੇ ਹਨ ਅਤੇ ਸੁਚੇਤ ਹੋ ਕੇ ਵਰਤਦੇ ਹਨ ਆਪਣੇ ਸੁਆਸਾਂ ਦੰਮਾਂ ਨੂੰ



www.AKJ.Org

ਅਗਿਆਨੀ ਅੰਧਲੇ ਗੁਰਮਤਿ-ਗਿਆਨ ਤੋਂ ਘੁਥੇ ਹੋਏ ਅੰਧ ਹੀ ਕਮਾਵੰਦੇ ਰਹਿੰਦੇ ਹਨ ਅਤੇ 'ਸਹੁ ਵੇ ਜੀਆ ਆਪਣਾ ਕੀਆ'' ਵਾਲਾ ਖਮਿਆਜ਼ਾ ਭੁਗਤਦੇ ਹਨ। ਓੜਕ ਗੁਰੂ ਨਾਨਕ ਸਾਹਿਬ ਨਿਖਰਵਾਂ ਫ਼ੈਸਲਾ ਦਿੰਦੇ ਹਨ- *'ਨਾਨਕ ਏਥੈ ਕਮਾਵੈ ਸੋ ਮਿਲੈ, ਅਗੈ ਪਾਏ ਜਾਇ''।* ਜੇਵੇਹੇ ਕਰਮ ਕਰਮਚਾਰੀ ਲੋਕ ਏਥੇ(ਇਸ ਲੋਕ ਵਿਖੇ) ਕਮਾਵੰਦੇ ਹਨ ਤੇਵੇਹਾ ਫਲ ਹੀ ਉਹ ਅਗੈ (ਅਗਲੇ ਲੋਕ ਵਿਖੇ) ਜਾਇ ਕੈ ਪਾਉਂਦੇ ਹਨ। ਇਸ ਵਿਚ ਰੰਚਕ ਭੀ ਸੰਦੇਹੁ ਨਹੀਂ। ਕੈਸਾ ਅੱਗਾ ਸਿਧ ਹੋ ਗਿਆ। ਅੱਗਾ ਹੀ ਨਹੀਂ। ਅਗੇ ਦਾ ਫਲ ਭੀ ਸਿਧ ਹੋ ਗਿਆ। ਤਾਂਤੇ ਅੱਗੇ ਦਾ ਇਨਕਾਰ ਸਭ ਬਾਦ ਬਫਾਰ ਹੀ ਹੈ। ਬੇਕਾਰੀ ਲੋਕਾਂ ਦਾ ਅਗਿਆਨ ਅੰਧਾਰੀ ਕੂੜਾ ਨਿਸਚਾ ਅੱਗੇ ਨੂੰ ਭਰਮ ਭਰਾਤੀ ਹੀ ਸਮਝਦਾ ਹੈ। ਭਰਮ ਭੁਲੀ ਲੋਕਾਈ ਅੱਗੇ ਨੂੰ ਕੁਝ ਸਮਝਦੀ ਹੀ ਨਹੀਂ। ਅੱਗਾ ਸੱਚ ਹੈ। ਸਚ ਹੋਂਦ ਹਸਤੀਆ ਹੈ ਅੱਗਾ। ਅਗਲਾ ਲੋਕ ਇਵੇਹਾ ਹੀ ਸੱਚ ਹੈ ਜਿਵੇ ਹਾ ਕਿ ਲੋਕ ਸੱਚ ਹੈ। ਸਚਿਆਰ ਗੁਰਸਿਖ ਤਾਂ ਇਸ ਅੱਗੇ ਦੇ ਹਸਤ ਹੋਂਦੀਏ ਸਚ ਤੋਂ ਸਿਰ ਫੇਰ ਹੀ ਨਹੀਂ ਸਕਦੇ। ਪਰ ਇਸ ਸੰਸਾਰ ਅੰਦਰ ਨਾਮ ਮਾਤਰੀਏ ਅਖਉਤੀ ਸਿਖ ਅਨਗਿਣਤ ਹਨ। ਜੋ ਗੁਰੂ ਕੇ ਸਿਖ ਸਦਾਉਂਦੇ ਹੋਏ ਭੀ ਅੱਗੇ ਨੂੰ ਨਹੀਂ ਮੰਨਦੇ। ਇਹੀ ਕਾਰਨ ਹੈ ਕਿ ਅੱਗੇ ਦੇ ਡਰ ਤੋਂ ਨਿਡਰ ਹੋ ਕੇ, ਅੱਗੇ ਦੇ ਭੈ ਤੋਂ ਨਿਰਭੈ ਹੋ ਕੇ, ਅਨਿਕ ਪ੍ਰਕਾਰੀ ਵਿਕਾਰੀ ਕਰਮ ਕਮਾਉਂਦੇ ਹਨ ਅਤੇ ਆਪਣੇ ਮਨੁਖਾ ਜਨਮ ਦੀ ਪੂੰਜੀ ਲਾਂਬੂ ਲੂਤੀ ਲਾਉਂਦੇ ਹਨ ਤੇ ਸੜ ਕੇ ਦਗਧ ਹੋ ਕੇ ਮਰ ਜਾਂਦੇ ਹਨ ਤੇ ਅਗੇ ਜਾ ਕੇ ਸੜਨ ਬਲਣ ਦੀਆਂ ਅਨੇਕਾਂ ਬਿਕਟ ਸਜਾਈਆਂ ਭੁਗਤਦੇ ਹਨ। ਬੇਕਾਰੀ ਅਚਾਰ ਵਾਲੀਆਂ ਸੜਾਂਦ ਵਿਚ ਸੜ ਰਹੀਆਂ ਅਨਿਕ ਜਿੰਦੜੀਆਂ ਵੇਕਾਰਾਂ ਵਾਲੇ ਸੀਂਗਾਰ ਬਣਾਇ ਬਣਾਇ ਆਪਣੇ ਅੱਗੇ ਨੂੰ ਖੀਨ ਖਰਾਬ ਕਰਦੀਆਂ ਹਨ। ਤਿਨ੍ਹਾਂ ਦੇ ਸੀਂਗਾਰ ਦੇ ਕੂੜਾਵੇ ਸੁਹੱਪਣ ਏਥੇ ਦੇ ਏਥੇ ਹੀ ਰਹਿ ਜਾਣੇ ਹਨ, ਅੱਗੇ ਕਿਸੇ ਨੇ ਨਹੀਂ ਪੁਛਣੇ। ਕੂੜਾਵੇ ਸੀਂਗਾਰ ਬਨਾਵਣ-ਹਾਰਿਆਂ ਅਨਮਤੀ ਔਰਤਾਂ ਦੀ ਰੀਸੇ ਗੁਰਮੁਖੀਆਂ ਦੀ ਰਹਿਣੀ ਬਹਿਣੀ ਨੂੰ ਤਿਲਾਂਜਲੀ ਦੇਣ-ਹਾਰਿਆਂ ਨਵ-ਫ਼ੈਸ਼ਨ ਸੀਂਗਾਰਨਾ ਪ੍ਰਥਾਇ ਕਿਆ ਸੋਹਣਾ ਇਹ ਅਗਲੇਰਾ ਗੁਰਵਾਕ ਘਟਨਾ ਹੈ-

ਮਾਠਿ ਗੁੰਦਾਈ ਪਟੀਆ, ਭਰੀਐ ਮਾਂਗ ਸੰਧੂਰੇ॥
ਅਗੈ ਗਈ ਨ ਮੰਨੀਆ, ਮਰਉ ਵਿਸੂਰਿ ਵਿਸੂਰੇ॥
(ਵਡਹੰਸ ਮ:੧,ਪੰਨਾ ੫੫੮)

ਗੁਰਸਿਖ ਗੁਰਮੁਖ ਭੁਜੰਗਣਾਂ ਵਾਲਾ ਗੁਰਮੁਖੀ ਸਾਦਾ ਵੇਸ 'ਸਾਬਤ ਸੂਰਤਿ ਦਸਤਾਰ ਸਿਰਾਂ' ਦਾ ਖ਼ਾਲਸਾ ਪਹਿਰਾਵਾ ਛਡ ਕੇ ਅਨਮਤਣਾਂ ਦੀ ਰੀਸੇ ਕੁਰੀਸੇ ਅਜ ਕਲ ਸਿਰ ਦੇ ਕੇਸਾਂ ਦੀਆਂ ਪਟੀਆਂ ਗੁਦੰਣਾ, ਟੇਢੇ ਚੀਰ ਕਢਣ ਦਾ ਕੁਫ਼ੈਸ਼ਨ ਜੋ ਤੁਰਿਆ ਹੈ ਅਤੇ ਚੀਰਮੀਆਂ ਵਿਚ ਸੰਧੂਰ ਭਰਨ ਦਾ ਹੋਛਾ ਸੀਂਗਾਰ ਜੋ ਪਰਚੁਰ ਹੋਇਆ ਹੈ, ਜੋ ਸਭ ਰਸਾਤਲ ਨੂੰ ਲੈ ਕੇ ਜਾਣ ਵਾਲਾ ਸੋਦਾ ਹੈ। ਸਤਿਗੁਰੂ ਫ਼ੁਰਮਾਨ ਨੇ ਸਾਫ਼ ਦਸਿਆ ਹੈ ਕਿ ਐਸੇ ਹੋਛੇਂ ਸੀਂਗਾਰ ਬਣਾਉਣਹਾਰੀਆਂ ਸਭ ਝੂਰ ਝੂਰ ਵਿਸੂਰ ਵਿਸੂਰ ਕੇ ਮਰਨਗੀਆਂ ਅਤੇ ਅਗੇ (ਅਗਲੇ ਲੋਕ ਵਿਚ) ਗਈਆਂ ਦੀ ਪੁਛ-ਪਰਤੀਤ ਨਹੀਂ ਹੋਣੀ। ਜੇਕਰ ਗੁਰਮਤਿ ਦਰਸਾਏ ਬੁਝਾਇ ਦ੍ਰਿੜਾਇ ਅੱਗੇ ਦਾ ਖੌਫ਼ ਹੋਵੇ ਤਾਂ ਇਹ ਕੂੜ ਸੀਂਗਾਰੜੀ ਬਿਗੜ ਫ਼ੈਸ਼ਨੜੀ ਸਿਖ ਘਰਾਣਿਆਂ ਦੀ ਗੁਰਸਿਖਣੀਆਂ ਸਦਵਾਉਣ-ਹਾਰੀਆਂ ਜ਼ਨਾਨੜੀਆਂ ਕਦੇ ਭੀ 'ਅੱਗੇ' ਨੂੰ ਕਲੰਕਤ ਨਾ ਕਰਨ। ਅੱਗੇ ਦੀ ਹੋਂਦ ਤੋਂ ਬੇਖ਼ੌਫ਼ੀ, ਅਗੇ ਦੀ ਮਨੌਤ ਤੋਂ ਆਕੀ ਹੋਣਾ ਮੁਜੱਸਮ ਬਦ-ਇਖ਼ਲਾਕੀ ਦੀ ਗੰਦੀ ਖ਼ੰਦਕ ਵਿਚ ਰੁੜ੍ਹਨਾ ਹੈ। ਅੱਗੇ ਤੋਂ ਖ਼ੌਫ਼ ਹੀਣ ਹੋਣ ਦੀ ਕੁਧੱਤ, ਬਦ-ਇਖ਼ਲਾਕੀ ਦੀ ਅਗਨ ਵਿਚ ਸੜਨ ਵਾਲੇ ਜੀਵਨ ਇਸ ਲੋਕ ਵਿਖੇ ਹੀ ਐਸੇ ਖੀਨ ਖੁਆਰ ਹੁੰਦੇ ਡਿਠੇ (ਦੇਖੇ ਗਏ) ਹਨ ਕਿ ਉਹਨਾਂ ਜੀਵਨ ਜੀਵਨਾਨੂ ਮਾਣੂਆਂ ਦੀ ਭਰੀ ਜੁਆਨੀ ਹੀ ਰਿਝ ਕਰਿਝਨੀ ਗਲੀ ਪਲੀ ਸੜਾਂਦ, ਅਵਾਇਲ ਉਮਰ ਵਿਚ ਹੀ ਨਮੂਦਾਰ ਹੋਇ ਆਂਵਦੀ ਹੈ। ਅਗਲੀ ਪਰਲੋਕੀ ਦੁਨੀਆ ਅੰਦਰ ਜੋ ਹਾਲ ਹੋਵੇਗਾ ਸੋ ਅਗੇ ਜਾ ਕੇ ਭੁਗਤਿਆਂ ਹੀ ਪਤਾ ਲਗੇਗਾ। ਜੈਸਾ ਕਿ ਅਗਲੇ ਗੁਰਵਾਕ ਦਾ ਭਾਵ ਹੈ:-

ਦੁਹਾਗਣੀ ਖਰੀਆ ਬਿਲਲਾਦੀਆ, ਤਿਨਾ ਮਹਲੁ ਨ ਪਾਇ॥ ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ॥
(ਵਡਹੰਸ ਮ: ੩,ਪੰਨਾ ੫੫੯)

ਪਿਰੀ ਪ੍ਰੀਤਮ ਵਾਹਿਗੁਰੂ ਦੀ ਪ੍ਰਾਪਤੀ -ਜੋਗ ਗੁਰਮਤਿ


www.AKJ.Org

ਦਰਸਾਏ ਸਚੜੇ ਸੁਹਾਗ-ਸੀਂਗਾਰ ਤੋਂ ਖੁਥੜੀਆਂ ਹੋਈਆਂ ਦੋਹਾਗਣੀਆਂ, ਐਥੈ ਓਥੈ, ਇਸ ਲੋਕ ਅਤੇ ਅਗਲੇ ਲੋਕ (ਪ੍ਰਲੋਕ) ਵਿਖੇ ਖਰੀਆਂ ਬਿਲਲਾਦੀਆਂ ਬੇ-ਹੱਦਾ ਵਿਰਲਾਪ ਕਰਦੀਆਂ, ਸਤਿਗੁਰਾਂ ਅਤੇ ਸਤਿਗੁਰੂ ਦੇ ਦਿੱਬ-ਦ੍ਰਿਸ਼ਟੇ ਗੁਰਸਿਖਾਂ ਸੰਤਾਂ ਭਗਤਾਂ ਗੁਰਮੁਖ ਜਨਾਂ ਨੇ ਆਪਣੇ ਅਖੀਂ ਦੇਖੀਆਂ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਤਿਨ੍ਹਾਂ ਨੂੰ ਪਿਰੀ ਪ੍ਰੀਤਮ ਦੇ ਸਚੇ ਮਹਿਲ ਦੀ ਪ੍ਰਾਪਤੀ ਕਦਾਚਿਤ ਨਹੀਂ ਹੁੰਦੀ, ਨਾ ਹੋਣੀ ਹੈ। ਦੂਜੇ ਭਾਇ ਦੇ ਦੋਹਾਗਣੀਆਂ ਵਾਲੇ ਵਿਭਚਾਰ ਵਾਲੇ ਭੜਕ-ਭੜਕਾਵੇ ਸੀਂਗਾਰ, ਰੂਪ ਜੋਬਨ ਨੂੰ ਸਗੋਂ ਕਰੂਪ ਕਚਲੋਬਨ ਵਿਚ ਪਲਟ ਦਿੰਦੇ ਹਨ। ਐਸੇ ਕੁ-ਸ਼ਿੰਗਾਰ ਸ਼ਿੰਗਾਰੀਆਂ ਕਰੂਪਣੀਆਂ ਦੋਹਾਗਣੀਆਂ 'ਦੂਖੁ ਪਾਵਹਿ ਆਗੈ ਜਾਇ॥' ਅਗੈ ਚਲ ਕੇ ਅਗਲੇ ਲੋਕ ਅਗਲੀ ਦਰਗਾਹ ਵਿਚ ਜਾ ਕੇ ਅਮਿਤਾ ਜਮ-ਜੰਦਾਰੀ ਦੁਖ ਪਾਵਣਗੀਆਂ। ਇਹ ਬਲਾ ਉਹਨਾਂ ਦੇ ਸਿਰੋਂ ਟਲਣੀ ਨਹੀਂ ਹੈ। ਇਸ ਗੱਲ ਨੂੰ ਪੱਕ -ਪਰਤੀਤ ਕਰਕੇ ਜਾਣੋ। ਅੱਗੇ ਤੋਂ ਅਵੇਸਲੇ ਮਤ ਹੋਵੋ। ਅਗੇ ਨੂੰ ਮਿਲਣ ਵਾਲੀਆਂ ਸਜਾਈਂ ਜ਼ਰੂਰ ਮਿਲਣਗੀਆਂ ਮਨਮੁਖ ਤਾਈਂ।

ਮਤ ਕੋਈ ਖ਼ਿਆਲ ਕਰੇ, ਅੱਗਾ ਹੈ ਹੀ ਨਹੀਂ ਕਿ ਅਗੇ ਚਲ ਕੇ ਲੇਖਾ ਨਹੀਂ ਹੋਣਾ। ਖੋਟੇ ਖਰੇ ਪਰਖੇ ਜਾਣਗੇ। ਤਿਤ ਸੱਚੇ ਦੇ ਦਰਬਾਰ ਵਿਖੇ ਖੋਟਿਆਂ ਖਰਿਆਂ ਦਾ ਸਚੋ ਸਚ ਨਿਸਤਾਰਾ ਨਿਬੇੜਾ ਹੋਵੇਗਾ। ਖੋਟੇ ਖੁਆਰ ਕਰ ਕੇ ਸੱਚੀ ਦਰਗਾਹੋਂ ਬਾਹਰਵਾਰ ਸਿਟੇ ਜਾਣਗੇ, ਨਰਕਾਂ ਵਿਚ ਉਲਟੇ ਲਟਕਾਏ ਜਾਣਗੇ। ਓਥੇ ਪਏ ਹਾਲ-ਪੁਕਾਰ ਕਰਨਗੇ, ਦੁਹਾਈਆਂ ਪਾਉਣਗੇ। ਯਥਾ ਗੁਰਵਾਕ-

ਖੋਟੇ ਖਰੇ ਸਭਿ ਪਰਖੀਅਨਿ, ਤਿਤੁ ਸਚੇ ਕੈ ਦਰਬਾਰਾ ਰਾਮ॥ ਖੋਟੇ ਦਰਗਹ ਸੁਟੀਅਨਿ, ਊਭੇ ਕਰਨਿ ਪੁਕਾਰਾ ਰਾਮ॥ (ਵਡਹੰਸ ਮ: ੩, ਪੰਨਾ ੫੭੦)

ਅੱਗੇ ਤੋਂ ਖਬਰ ਮਤ ਹੋਵੋ। ਇਉਂ ਮਤ ਸਮਝੋ ਕਿ ਅੱਗਾ-ਉੱਗਾ ਕੋਈ ਨਹੀਂ। ਇਹ ਖ਼ਿਆਲ ਕਿ ਮਰ ਕੇ ਐਥੇ ਹੀ ਮੁਕ ਜਾਣਾ ਹੈ, ਅੱਗਾ ਕੀਹਨੇ ਦੇਖਿਆ ਹੈ? ਜਿਨ੍ਹਾਂ ਸਤਿ-ਪੁਰਖ ਕਰਤਾਰ ਪਠਾਏ ਗੁਰੂ ਮਹਾਂ ਅਵਤਾਰਾਂ ਨੇ ਅੱਗੇ ਨੂੰ ਦੇਖਿਆ ਹੈ, ਉਹਨਾਂ ਤੋਂ ਵਧੇਰੀ ਗਵਾਹੀ ਅੱਗਾ ਦੇਖਣ ਦੀ ਹੋਰ ਕੀ ਹੋ ਸਕਦੀ ਹੈ? ਸਤਿਗੁਰੂ ਦੇਖੋ ਕਿਆ ਸਾਫ਼ ਨਿਰਣਾ ਇਸ ਅਗਲੇਰੇ ਵਾਕ ਅੰਦਰ ਨਿਰਣਾਉਂਦੇ ਹਨ:-

ਸਾਹਿਬੁ ਸਿਮਰਹੁ ਮੇਰੇ ਭਾਈਹੋ, ਸਭਨਾ ਏਹੁ ਪਇਆਣਾ॥ ਏਥੈ ਧੰਧਾ ਕੂੜਾ ਚਾਰਿ ਦਿਹਾ, ਆਗੈ ਸਰਪਰ ਜਾਣਾ॥ ਆਗੈ ਸਰਪਰ ਜਾਣਾ ਜਿਉ ਮਿਹਮਾਣਾ, ਕਾਹੇ ਗਰਬੁ ਕੀਜੈ॥ ਜਿਤੁ ਸੇਵਿਐ ਦਰਗਹ ਸੁਖੁ ਪਾਈਐ, ਨਾਮੁ ਤਿਸੈ ਕਾ ਲੀਜੈ॥ ਆਗੈ ਹੁਕਮੁ ਨ ਚਲੈ ਮੂਲੇ, ਸਿਰਿ ਸਿਰਿ ਕਿਆ ਵਿਹਾਣਾ॥ ਸਾਹਿਬੁ ਸਿਮਰਿਹੁ ਮੇਰੇ ਭਾਈਹੋ, ਸਭਨਾ ਏਹੁ ਪਇਆਣਾ॥ (ਵਡਹੰਸ ਮ:੧, ੫੭੯)

ਭਾਵ:- ਇਸ ਸੰਸਾਰ ਤੋਂ ਪਿਆਨੇ ਚਲਾਣੇ ਵਾਲਾ ਲੇਖਾ ਸਭਨਾਂ ਜੀਵਾਂ ਦੇ ਸਿਰ ਤੇ ਲਿਖਿਆ ਹੋਇਆ ਹੈ। ਸਭਨਾਂ ਹੀ ਅਵੱਸ਼ ਇਸ ਦੁਨੀਆ ਤੋਂ ਪਿਆਨੇ ਚਲਾਣੇ ਕਰਨੇ ਹਨ। ਇਸ ਗੱਲ ਨੂੰ ਸੱਚ ਦ੍ਰਿੜਾਇ ਕੈ ਗੁਰੂ ਸਾਹਿਬ ਬੜੇ ਪ੍ਰੇਮ-ਪਿਆਰ ਨਾਲ ਸਮਝਾਉਂਦੇ ਹਨ-ਹੇ ਮੇਰੇ ਭਾਈਓ! ਇਸ ਸੰਸਾਰ ਅਸਾਰ ਤੋਂ ਅਵੱਸ਼ ਚਲਾਣਾ ਪਇਆਣਾ ਹੋਣਾ ਹੈ। ਇਸ ਕਰਕੇ ਸਾਰੇ ਕੰਮ ਛੱਡ ਕੇ ਸਚੇ ਸਾਹਿਬ ਵਾਹਿਗੁਰੂ ਦਾ ਸਿਮਰਨ ਕਰੋ। ਜਿਸ ਜੱਗ ਮਿਠੇ ਦਾ ਤੁਸੀਂ ਗੁਮਾਨ ਕਰਦੇ ਹੋ ਅਤੇ ਕਹਿੰਦੇ ਹੋ, "ਇਹ ਜਗ ਮਿੱਠਾ ਅਗਲਾ ਕੀਹਨੇ ਡਿੱਠਾ" ਜਿਸ ਦ੍ਰਿਸ਼ਟ-ਮਾਨ ਜਗ ਨੂੰ ਦੇਖ ਕੇ ਤੁਸੀਂ ਇਸਦੇ ਧੰਧਿਆਂ ਵਿਚ ਲਪਟਾਏ ਹੋ, ਸੋ ਇਹ ਜਗ ਭੀ ਇਸ ਜਗ ਦੇ ਧੰਧੇ ਭੀ ਕੂੜਾਵੇ ਹਨ ਅਤੇ ਚਾਰ-ਦਿਵਸੀ ਹੀ ਹਨ। ਓੜਕ ਨੂੰ ਅਗੇ ਹੀ ਸਾਰਿਆਂ ਨੇ ਜਾਣਾ ਹੈ, ਅਵੱਸ਼ ਜਾਣਾ ਹੈ, ਜਿਵੇ ਮਿਹਮਾਨ ਪਰਾਹੁਣੇ ਚਾਰ-ਦਿਵਸੀ ਬਸੇਰਾ ਕਰ ਕੇ ਚਲੇ ਜਾਂਦੇ ਹਨ। ਏਸੇ ਤਰ੍ਹਾਂ ਪ੍ਰਾਹੁਣਚਾਰੀ ਕਰ ਕੇ ਸਭ ਨੇ ਓੜਕ ਨੂੰ ਅਗੇ ਹੀ ਚਲ ਵਸਣਾ ਹੈ। ਤਾਂਤੇ ਇਸ ਦੁਨੀਆਂ ਵਿਚ ਥਿਰ ਰਹਿਣਾਂ ਨਹੀਂ। ਇਹ ਗਰਬ ਗੁਮਾਨ ਹੀ ਦਿਲੋਂ ਦੂਰ ਕਰ ਦੇਣਾ ਚਾਹੀਦਾ ਹੈ ਕਿ ਜੋ ਕੁਝ ਹੈ ਸੋ ਏਥੇ ਕੀਤੇ ਅਮਲਾਂ ਦੀ ਸਜ਼ਾ ਹੈ। ਏਥੇ ਕਮਾਤੇ ਪਾਪਾਂ ਦੀ ਸਜ਼ਾ ਦੇ ਦੁਖ ਅਗੇ ਜ਼ਰੂਰ ਭੁਗਤਨੇ ਬਣਨੇ ਹਨ। ਅਗਲੀ ਦਰਗਾਹ ਵਿਖੇ ਜੇ ਅਮਿਤ ਦੁਖਾਂ ਤੋਂ ਬਚਣਾ ਹੈ ਤਾਂ ਉਸ ਦੀ ਸੇਵਾ ਸਿਮਰਨ ਕਰ ਕੇ ਦਰਗਹ ਅੰਦਰ ਸਚੜਾ ਸੁਖ ਪਾਈਦਾ ਹੈ।

(ਬਾਕੀ ਪੰਨਾ ੨੦ ਤੇ....)



www.AKJ.Org

## ਅੱਖੀਂ ਡਿੱਠੇ ਭਾਈ ਸਾਹਿਬ

(ਲੇਖਕ: ਭਾਈ ਸਾਹਿਬ ਧਰਮਾਨੰਤ ਸਿੰਘ ਜੀ Ph.D.)

ਜਿਸ ਸਮੇਂ ਦੀ ਸਾਖੀ, ਮੈਂ ਭੇਟਾ ਕਰਨ ਲੱਗਾ ਹਾਂ ਉਸ ਨੂੰ ਬੀਤਿਆਂ ਅੱਜ (ਸੰਨ ੧੯੬੪ ਵਿਚ) ਠੀਕ ਇੱਕ ਘਟ ਸੱਠ ਵੱਰ੍ਹੇ ਬੀਤ ਚੁਕੇ ਹਨ, ਮੈਂ ਦਸੰਬਰ ੧੯੦੪ ਤਸਾਂ ਜੂਨ ੧੯੦੬ ਤਕ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ਦਾ ਵਿਦਿਆਰਥੀ ਸਾਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ੧੯੦੫-੬ ਵਿੱਚ ਖ਼ਾਲਸਾ ਕਾਲਿਜਿਏਟ ਸਕੂਲ ਦੇ ਬੋਰਡਿੰਗ ਹਾਊਸ ਦੇ ਮੁੱਖ ਸੁਪ੍ਰਿਨਟੈਨਡੈਂਟ ਸਨ, ਅਰ ਮੈਨੂੰ ਇਹ ਦੱਸਣ ਵਿਚ ਬੜਾ ਮਾਣ ਹੈ ਕਿ ਮੈਂ ਉਹਨਾਂ ਦੀ ਵਿਸ਼ੇਸ਼ ਕਿਰਪਾ ਤੇ ਵਿਸ਼ੇਸ਼ ਧਿਆਨ ਦਾ ਕੇਂਦਰ ਸਾਂ।। ਕਾਰਨ ਇਹ ਸੀ ਕਿ ਮੈਨੂੰ ਜਾਪੁ ਸਾਹਿਬ ਤੇ ੩੩ ਸਵੈਯੇ ਕੰਠ ਸਨ ਤੇ ਮੈਂ ਬਿਨਾ-ਨਾਗਾਂ ਏਹਨਾਂ ਪਾਵਨ ਬਾਣੀਆਂ ਦਾ ਅੰਮ੍ਰਿਤ ਵੇਲੇ ਬੁਲੰਦ ਸੁਰ ਨਾਲ, ਹੇਠਾਂ ਆਪਣੇ ਕਮਰੇ ਵਿੱਚ ਪਾਠ ਕਰਿਆ ਕਰਦਾ ਸਾਂ, ਤੇ ਭਾਈ ਸਾਹਿਬ ਕੋਠੇ ਪਰ, ਰਿਹਾਇਸ਼-ਗਾਹ ਵਿੱਚ ਸੁਣ ਸੁਣ ਕੇ ਪ੍ਰਸੰਨ ਹੋਇਆ ਕਰਦੇ ਸਨ, ਤੇ ਇਸ ਸੰਬੰਧੀ ਦਿਨ ਵਿੱਚ ਉਹ ਮੈਨੂੰ ਕਦੇ ਕਦੇ ਬੜੇ ਪ੍ਰੇਮ ਨਾਲ, ਆਪਣੇ ਸ਼ਲਾਘਾ ਪੂਰਿਤ ਬਚਨ ਵੀ ਸੁਣਾ ਦੇਣ ਵਿੱਚ ਸੰਕੋਚ ਨਹੀਂ ਕੀਤਾ ਕਰਦੇ ਸਨ।

ਇੱਕੁਰ ਸੰਨ ੧੯੦੫ ਦੀ ਸਰਦ ਰੁਤ ਬੀਤੀ ਤੇ ਗ੍ਰੀਸ਼ਮ ਆ ਗਈ, ਇੱਕ ਦੋ ਦਿਨ ਝੜ ਰਿਹਾ, ਫਿਰ ਬਰਖਾ ਪੈ ਗਈ। ਵਿਚਕਾਰਲੇ ਲੰਗਰ ਦੇ ਵਿਦਆਰਥੀਆਂ ਨੇ ਭਾਈ ਸਾਹਿਬ ਪ੍ਰਤੀ ਯਾਚਨਾ ਕੀਤੀ ਕਿ ਖੀਰ ਖਾਣ ਨੂੰ ਜੀਆ ਲੋਚਦਾ ਹੈ। ਸੋ ਤੁਰਤ ਦੋ ਲਾਂਗਰੀ ਲਾਗੇ ਦੇ ਪਿੰਡਾਂ ਨੂੰ ਦੁੱਧ ਲਈ ਘਲ ਦਿੱਤੇ ਗਏ। ਦੁੱਧ ਆ ਗਿਆ। ਖੀਰ ਤਿਆਰ ਹੋ ਗਈ। ਪਰ ਸਤਿਗੁਰਾਂ ਨੇ ਹੁਣ ਇੱਕ ਨਿੱਕਾ ਜਿਹਾ ਕੌਤਕ ਕਰਨਾ ਸੀ, ਤੇ ਆਪਣੇ ਸਤੋਗੁਣੀ ਸਿੱਖ ਦੀ ਨਿਕਟ-ਵਰਤੀਆਂ ਦੀ ਦ੍ਰਿਸ਼ਟੀ ਵਿੱਚ ਸ਼ੋਭਾ ਦਾ ਚਮਤਕਾਰ ਵਿਖਾਣਾ ਸੀ।

ਭਾਣਾ ਇਉਂ ਵਰਤਿਆਂ ਕਿ ਜਿਨ੍ਹਾਂ ਜਿਨ੍ਹਾਂ ਨੇ ਉਸ ਖੀਰ ਨੂੰ ਖਾਧਾ, ਅੱਧੇ ਕੁ ਘੰਟੇ ਤੋਂ ਬਾਅਦ ਉਹਨਾਂ ਦਾ ਜੀਅ ਮਚਲਾਣ ਲਗ ਪਿਆ ਤੇ ਜਿਉਂ ਜਿਉਂ ਉਹ ਲੰਮੇ ਪੈਂਦੇ ਗਏ, ਉਹਨਾਂ ਨੂੰ ਦਸਤਾਂ ਤੇ ਕੈਆਂ ਦੁਆਰਾ ਸ਼ੀਘਰ ਹੀ ਰਸਾਤਲ ਪਹੁੰਚਣ ਦਾ ਭਿਆਨਕ ਸੁਨੇਹਾ ਮਿਲਦਾ ਗਿਆ। ਕਈ ਘੰਟੇ ਦੇ ਅਰਸੇ ਵਿੱਚ ਦੋ ਸੌ ਦੇ ਕਰੀਬ ਮੁੰਡਿਆਂ ਦੀ ਇਹ ਲਾਚਾਰ ਬਿਵਸਥਾ ਹੋ ਗਈ, ਮੈਂ ਉਸ ਐਤਵਾਰ, ਉਸ ਖ਼ਾਸ ਮੌਕੇ,ਸ੍ਰੀ ਦਰਬਾਰ ਸਾਹਿਬ ਗਿਆ ਹੋਇਆ ਸਾਂ। ਪਰ ਮੈਨੂੰ ਪਤਾ ਸੀ ਕਿ ਲੰਗਰ ਵਿੱਚ ਖੀਰ ਬਣਨੀ ਹੈ। ਸੋ ਮੈਂ ਜਿੰਨੀ ਛੇਤੀ ਹੋ ਸਕੀ, ਅਜੇ ਚਾਨਣਾ ਹੀ ਸੀ ਕਿ, ਕਾਲਜ ਪਹੁੰਚ ਗਿਆ। ਨਾਭਾ ਹੋਸਟਲ ਦੇ ਸਾਹਮਣੇ ਹੁੰਦਿਆ ਹੀ ਜੋ ਦ੍ਰਿਸ਼ਯ ਵੇਖਿਆ ਉਹ ਇਹ ਸੀ: ਉੱਥੇ ਮਾਸਟਰਾਂ ਤੇ ਵਿਦਿਆਰਥੀਆਂ ਦੀ, ਲਾਂਗਰੀਆਂ ਤੇ ਚਪੜਾਸੀਆਂ ਦੀ, ਚੌਂਕੀਦਾਰਾਂ ਤੇ ਜਮਾਂਦਾਰਾਂ ਦੀ ਭਾਰੀ ਭੀੜ ਲੱਗੀ ਖੜੀ ਸੀ, ਪਰ ਰੌਲੇ-ਰੱਪੇ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਸਭ ਹੈਰਾਨੀ ਦੇ ਪਸ਼ੇਮਾਨੀ ਦੇ ਬੁੱਤ ਹੀ ਬੁੱਤ ਨਜ਼ਰ ਆਉਂਦੇ ਸਨ। ਮੈਂ ਭੀੜ ਤੋਂ ਅੱਗੇ ਲੰਘਣ ਦਾ ਹੌਸਲਾ ਕੀਤਾ ਤਾਂ ਵੇਖਿਆਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਾਹਮਣੇ ਵੱਡੇ ਕਮਰੇ ਦੇ ਬਾਹਿਰ ਖੱਬੇ ਪਾਸੇ ਕੁਰਸੀ 'ਤੇ ਬੈਠੇ ਹਨ। ਉਹਨਾਂ ਦੇ ਸਾਹਮਣੇ ਇੱਕ ਕੁਰਸੀ ਵੀ ਪਈ ਹੈ, ਤੇ ਦੋਹਾਂ ਕੁਰਸੀਆਂ ਦੇ ਵਿਚਕਾਰ ਮੇਜ਼ ਹੈ, ਅਰ ਦੋ ਵਿਸ਼ੇਸ਼ ਲਾਂਗੀ ਉਹਨਾਂ ਦੇ ਸੱਜੇ ਪਾਸੇ, ਸਿਰ ਨੀਵਾਂ ਕਰਕੇ, ਹੱਥ ਜੋੜੀਂ ਖੜੇ ਹਨ। ਮੈਂ ਭਾਈ ਸਾਹਿਬ ਦੇ ਸਨਮੁਖ ਹੁੰਦਿਆ ਹੀ 'ਫ਼ਤਹ' ਗਜਾਈ, ਜਿਸ ਦਾ ਉੱਤਰ ਉਹਨਾਂ ਨੇ ਆਪਣੀ ਸਦੀਵੀ ਮੁਸਕਰਾਹਟ ਨਾਲ ਦਿੱਤਾ। ਤੇ ਮੈਨੂੰ ਕੁਰਸੀ 'ਤੇ ਬੈਠਣ ਲਈ ਇਸ਼ਾਰਾ ਕੀਤਾ। ਮੈਂ ਬਹਿ ਗਿਆ। ਭਾਈ ਸਾਹਿਬ ਦੇ ਸੱਜੇ ਹੱਥ ਵਿਚ ਰੂਲ (ਡੰਡਾ) ਸੀ। ਉਹ ਮੇਰੇ ਨਾਲ ਮਮੂਲੀ ਜਿਹੀ ਗੱਲ-ਬਾਤ ਵੀ ਕਰ ਰਹੇ ਸਨ ਤੇ ਲਗਾਤਾਰ ਮੁਸਕਰਾ ਰਹੇ ਸਨ। ਮੱਥੇ ਪਰ ਕਿਸੇ ਪ੍ਰਕਾਰ ਵੀ ਤਿਊੜੀ ਯਾ ਵੱਟ ਨਹੀਂ ਨਜ਼ਰ ਆਉਂਦਾ ਸੀ, ਤੇ ਛਿਨ ਪਲ ਮਗਰੋਂ, ਬਾਰੰਬਾਰ, ਉਹਨਾਂ ਦੇ ਪਵਿੱਤਰ-ਮੁਖ ਤੋਂ ਬਾਣੀ ਦੇ ਕਿਸੇ ਵਾਕ ਦੀ ਅਵਾਜ਼ ਵੀ ਸਾਫ਼ ਸੁਣੀਂਦੀ ਸੀ। ਗੱਲ ਕੀ, ਉਹ ਪੂਰਨ ਸਤੋਗਣ ਦਾ ਐਸਾ; ਰੂਪ ਧਾਰੀ ਬੈਠੇ ਸਨ ਕਿ ਵਿਸ਼ਸਟ ਜੀ ਨੇ ਸਤਿਜੁਗ ਜਾਂ ਤ੍ਰੇਤਾ ਵਿੱਚ ਓਦੋਂ ਧਾਰਿਆ ਹੋਣਾ ਹੈ ਜਦੋਂ ਵਿਸ਼੍ਵਾਮਿਤ੍ਰ ਉਹਨਾਂ ਦੇ ਸੌ ਪੁੱਤਰ ਕਤਲ ਕਰਨ ਵਿੱਚ ਰੁੱਝਾ ਹੋਇਆ ਸੀ।

ਭਾਈ ਸਾਹਿਬ ਨੇ ਕ੍ਰੋਧ ਤੋਂ ਬਿਨਾਂ, ਪਰ ਬੜੀ


www.AKJ.Org

ਸੰਜੀਦਗੀ ਨਾਲ, ਤਿੰਨ ਵੇਰ ਲਾਂਗਰੀਆਂ ਨੂੰ ਸੰਬੋਧਨ ਕਰ ਕੇ ਪੁਛਿਆ,"ਦੱਸੋ । ਦੁੱਧ ਵਿਚ ਕੀ ਰਲਾ ਕੇ ਲਿਆਏ ਹੋ?" ਉਹਨਾਂ ਦੋਹਾਂ ਨੇ ਤਿੰਨ ਵੇਰ ਉਤਰ ਦਿੱਤਾ, "ਜੀ, ਅਸਾਂ ਕੁੱਝ ਨਹੀਂ ਰਲਾਇਆ, ਸਾਨੂੰ ਕੁੱਝ ਪਤਾ ਨਹੀਂ, ਅਸੀਂ ਨਿਰਦੋਸ਼ ਹਾਂ।" ਤਿੰਨ ਵੇਰ ਏਦਾਂ ਪੁੱਛਣ ਮਗਰੋਂ ਭਾਈ ਸਾਹਿਬ ਨੇ ਅਤਿ ਤੇਜਸ੍ਵੀ ਗੰਭੀਰਤਾ ਨਾਲ ਰੂਲ ਨੂੰ ਇਧਰ ਉਧਰ ਘੁਮਾਇਆ ਤੇ ਫਿਰ ਗਰਜ ਕੇ ਕਿਹਾ, "ਸਿੰਘੋ, ਸੱਚ ਸੱਚ ਦੱਸੋ। ਦੁੱਧ ਵਿੱਚ ਕੀ ਰਲਾਇਆ ਜੇ? ਤੁਸਾਂ ਗੁਰੂ ਕੇ ਸਿੰਘ ਹੋ ਕੇ ਘੋਰ ਪਾਪ ਕੀਤਾ ਹੈ, ਬੜਾ ਕਹਿਰ ਵਰਤਾਇਆ ਹੈ, ਵਾਹਿਗੁਰੂ ਹੱਥ ਅੱਗੇ ਕਰੋ।"

ਬਸ, ਫਿਰ ਕੀ ਸੀ। ਲਾਂਗਰੀ ਹੱਥ ਅੱਗੇ ਕਰਦੇ ਗਏ, ਤੇ ਭਾਈ ਸਾਹਿਬ ਉਚੀ ਉਚੀ ਅਵਾਜ਼ ਵਿੱਚ ਵਾਹਿਗੁਰੂ, ਵਾਹਿਗੁਰੂ ਕਹਿੰਦੇ ਹੋਏ, ਵੱਧ ਤੋਂ ਵੱਧ ਜ਼ੋਰ ਨਾਲ ਉਹਨਾਂ ਦੋਹਾਂ ਦਿਆਂ ਹੱਥਾਂ ਪਰ ਵਾਰੋ-ਵੱਟੀ ਰੂਲ ਮਾਰਦੇ ਗਏ। ਜਦ ਦੋਹਾਂ ਨੂੰ ਸਤ ਸਤ ਰੂਲ ਪੈ ਚੁਕੇ , ਅਰ ਦੋਹਾਂ ਦਿਆਂ ਕੰਨਾਂ ਵਿੱਚ ਸਤ ਸਤ ਵੇਰ, ਇੱਕ ਮਹਾਂ ਪੁਰਖ ਦੇ ਮੂੰਹ ਤੋਂ , 'ਵਾਹਿਗੁਰੂ' ਸ਼ਬਦ ਦੀ ਧੁਨੀ ਪੈ ਚੁਕੀ, ਤਾਂ ਉਹ ਵੀ ਅਚਣਚੇਤ ਉਚੀ ਉਚੀ 'ਵਾਹਿਗੁਰੂ, ਵਾਹਿਗੁਰੂ' ਕਹਿਣ ਲਗ ਪਏ।

ਇਉਂ ਉਹਨਾਂ ਦੇ ਵਾਹਿਗੁਰੂ ਵਾਹਿਗੁਰੂ ਕਹਿਣ ਦੀ ਦੇਰ ਸੀ ਕਿ ਭਾਈ ਸਾਹਿਬ ਨੇ ਝਟ ਰੂਲ ਨੂੰ ਮੇਜ਼ ਤੇ ਰੱਖ ਦਿੱਤਾ, ਅਰ ਹੱਥ ਜੋੜ ਕੇ ਲਾਂਗਰੀਆਂ ਦੇ ਸਾਹਮਣੇ ਖੜੇ ਹੋ ਗਏ, ਅਰ ਬੜੀ ਉਚੀ ਅਵਾਜ਼ ਵਿੱਚ ਕਿਹਾ," ਸਿੰਘੋ, ਬਿਲਕੁਲ ਸੱਚ ਸੱਚ ਦਸ ਦਿਓ। ਹੁਣੇ, ਇਸ ਪਲ ਛਿਨ ਵਿੱਚ ਸਤਿਗੁਰੂ, ਤੁਹਾਡਾ ਗੁਨਾਹ ਬਖਸ਼ਣ ਲਈ ਹਾਜ਼ਰ ਹਜ਼ੂਰ ਹਨ" ਭਾਈ ਸਾਹਿਬ ਇਹ ਸ਼ਬਦ ਕਹਿ ਹੀ ਰਹੇ ਸਨ ਕਿ ਲਾਂਗਰੀ ਭੁੱਬਾਂ ਮਾਰ ਕੇ ਰੋ ਪਏ ਅਰ ਮਹਾਂ ਪੁਰਖ ਦੇ ਚਰਨਾਂ ਤੇ ਡਿਗ ਪਏ, ਤੇ ਕਹਿਣ ਲੱਗੇ,"ਮਹਾਰਾਜ, ਸਾਨੂੰ ਬਖ਼ਸ਼ੋ, ਸਾਨੂੰ ਬਖ਼ਸ਼ੋ, ਅੱਸੀਂ ਬੜੇ ਨੀਚ ਹਾਂ, ਮਹਾਂ ਨੀਚ ਹਾਂ। ਅਸਾਂ ਦੁੱਧ ਵਿੱਚ ਟੋਇਆਂ ਤੇ ਛਪੜਾਂ ਦਾ ਪਾਣੀ ਰਲਾਇਆ ਸੀ। ਸਾਨੂੰ ਬਖ਼ਸ਼ੋ, ਮਹਾਰਾਜ, ਸਾਨੂੰ ਬਖ਼ਸ਼ੋ" ਉਹ ਇਹ ਕਹਿ ਹੀ ਰਹੇ ਸਨ ਕਿ ਸੰਤ ਭਾਈ ਰਣਧੀਰ ਸਿੰਘ ਜੀ ਨੇ, ਜੋ ਪਹਿਲਾਂ ਹੀ ਹੱਥ ਜੋੜੀ ਖੜੇ ਸਨ, ਪੈਰਾਂ ਤੋਂ ਜੋੜੇ ਲਾਹ ਦਿੱਤੇ ਤੇ ਬੜੀ ਸੁਰੀਲੀ ਅਵਾਜ਼ ਨਾਲ ਇਸ ਸਾਰੇ ਸ਼ਬਦ ਦਾ ਪਾਠ ਕੀਤਾ-

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ॥੧॥ ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥ ਤੁਝ ਬਿਨੁ ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ ਜੀਉ॥੨॥ ਜੀਅ ਜੰਤ੍ਰ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥ ਸਭੁ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ॥੩॥ ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥ ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ॥੪॥

(ਮਾਝ ਮ: ੫,ਪੰ:੧੦੩)

ਇਸ ਦੀ ਸਮਾਪਤੀ ਪਰ ਆਪ ਨੇ ਦੱਸਾ ਪਾਤਿਸ਼ਾਹੀਆਂ ਦਾ ਅਰਦਾਸਾ ਸੋਧਿਆ, ਅਰ ਅੰਤ ਵਿੱਚ ਕਿਹਾ ,'ਕਿਰਪਾ ਨਿਧਾਨ, ਆਪ ਦੇ ਸੇਵਾਦਾਰਾਂ ਤੋਂ ਬੜੀ ਉਗ੍ਰ ਖ਼ੱਤਾ ਹੋਈ ਹੈ, ਏਹਨਾਂ ਨੂੰ ਬਖ਼ਸ਼ੋ। ਹੇ ਭਲਿਆਂ ਤੇ ਬੁਰਿਆਂ ਦੋਹਾਂ ਦੀ ਪੀੜ ਵਾਲੇ ਸਤਿਗੁਰੂ, ਜਿਹੜੇ ਬੱਚੇ ਐਸ ਵੇਲੇ ਅਤਿ ਖ਼ਤਰਨਾਕ ਹਾਲਤ ਵਿੱਚ ਮੰਜੀਆਂ 'ਤੇ ਪਏ ਹਨ ਉਹਨਾਂ ਨੂੰ ਪੂਰਨ ਸਾਵਧਾਨ ਕਰੋ। ਤੇ ਹੇ ਸਭ ਦੀ ਲਾਜ ਰੱਖਣ ਵਾਲੇ ਸਤਿਗੁਰੂ, ਮੇਰੀ ਲਾਜ ਰੱਖੋ, ਮੇਰੇ ਸਿਰ ਬੜੀ ਜ਼ਿੰਮੇਵਾਰੀ ਹੈ। ਇਸ ਜੰਗਲ ਵਿੱਚ, ਇਸ ਵੇਲੇ ਨਾ ਕੋਈ ਡਾਕਟਰ ਹੈ, ਨਾ ਕੋਈ ਹਕੀਮ ਹੈ, ਨਾ ਕੋਈ ਵੈਦ ਹੈ, ਨਾ ਕੋਈ ਸਿਆਣਾ ਹੈ।"

ਇਸ ਤੋਂ ਉਪਰੰਤ ਉਹ ਆਪ ਹੀ ਨੰਗੇ ਪੈਰੀਂ ਦੌੜੇ ਗਏ ਤੇ ਛੇਤੀ ਛੇਤੀ ਇੱਕ ਪਾਤ੍ਰ ਵਿੱਚ ਖੂਹ ਤੋਂ ਜਲ ਲਿਆਏ। ਇਸ ਨੂੰ ਮੇਜ਼ ਤੇ ਰੱਖ ਕੇ ਉਨ੍ਹਾਂ ਨੇ ਪੰਜ ਵੇਰ ਮੂਲ ਮੰਤ੍ਰ ਦਾ ਪਾਠ ਕੀਤਾ, ਫਿਰ ਜਪੁਜੀ ਦੀਆਂ ਪੰਜ ਪਹਿਲੀਆਂ ਤੇ ਪੰਜ ਪਿਛਲੀਆਂ ਪਉੜੀਆਂ ਦਾ, ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ, ਜਾਪ ਸਾਹਿਬ ਦੇ ਆਰੰਭਿਕ ਤੇ ਅੰਤਿਮ ਛੰਦਾਂ ਦਾ, ਅਰ ਅੰਤ ਵਿਚ ਸੁਧਾ ਸਵੈਯਾਂ ਦਾ ਪਾਠ ਕਰ ਕੇ, ਫਿਰ

(ਬਾਕੀ ਪੰਨਾ ੪੦ ਤੇ ..)



www.AKJ.Org

# ਪੂਰਨ-ਗੁਰਸਿੱਖ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਵਲੋਂ ਪ੍ਰੋਫ਼ੈਸਰ ਬਲਬੀਰ ਸਿੰਘ 'ਦਿਲ')

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਧੁਨਿਕ ਯੁੱਗ ਦੇ ਮਹਾਨ ਰਹੱਸ ਵਾਦੀ, ਸੰਤ, ਕਵੀ ਅਤੇ ਦੇਸ਼-ਭਗਤ ਹੋਣ ਤੋਂ ਉਪਰੰਤ ਗੁਰਮਤਿ ਦੇ ਗਿਆਤਾ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਤਾ ਸਨ। ਆਪ ਦਾ ਜੀਵਨ ਕਦਮ ਕਦਮ 'ਤੇ ਹਾਦਸਿਆਂ ਭਰਪੂਰ ਅਤੇ ਆਪ ਦੀ ਸ਼ਖਸ਼ੀਅਤ ਰੱਬੀ ਕੌਤਕਾਂ ਅਤੇ ਰੂਹਾਨੀ ਚਮਤਕਾਰਾਂ ਨਾਲ ਰੰਗੀ ਹੋਈ ਹੈ। ਆਪ ਨੇ ਦੇਸ਼ ਦੀ ਸੁੰਤਤਰਤਾ-ਲਹਿਰ ਵਿਚ ਅਕਹਿ ਤਸੀਹੇ ਸਹਿ ਕੇ ਉਮਰ-ਕੈਦ ਭੋਗੀ, ਨਾਮ- ਅਭਿਆਸ ਦੀ ਬੇ-ਮਿਸਾਲ ਕਮਾਈ ਕੀਤੀ ਅਤੇ ਦੋ ਦਰਜਨ ਦੇ ਲਗ ਪਗ ਪੰਜਾਬੀ ਪੁਸਤਕਾਂ ਲਿਖੀਆਂ। ਪਰ ਅਫ਼ਸੋਸ ਦੀ ਗੱਲ ਹੈ ਕਿ ਨਾ ਦੇਸ਼ ਦੇ ਲੀਡਰ ਅਤੇ ਨਾ ਹੀ ਦੇਸ਼ ਦੇ ਸਹਿੱਤਕਾਰ, ਅਜੇ ਤਕ ਇਸ ਬਹੁ-ਪੱਖੀ-ਪ੍ਰਤਿਭਾ (versatile genious) ਦਾ ਸਹੀ ਮੁਲ-ਅੰਕਣ ਕਰ ਸਕੇ ਹਨ। ਦੇਸ਼ ਦੇ ਆਜ਼ਾਦ ਹੋਣ ਤੋਂ ਪਿਛੋਂ ਸੁੰਤਤਰਤਾ-ਲਹਿਰ ਬਾਰੇ ਕੁਝ ਪੁਸਤਕਾਂ ਛਪੀਆਂ ਹਨ, ਪਰ ਆਮ ਕਰਕੇ ਉਹ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਇਤਿਹਾਸ ਬਣ ਕੇ ਰਹਿ ਗਈਆਂ ਹਨ। ਸੰਤ ਰਣਧੀਰ ਸਿੰਘ ਵਰਗੇ ਦੇਸ਼-ਭਗਤ ਬਾਰੇ ਉਹ ਚੁੱਪ ਹਨ। ਇਸੇ ਤਰ੍ਹਾਂ ਪੰਜਾਬੀ ਸਾਹਿੱਤ ਦੀ ਖੋਜ ਪੜਤਾਲ ਕਰਨ ਵਾਲੇ ਵਿਦਵਾਨ ਭੀ ਭਾਈ ਸਾਹਿਬ ਦੀ ਨਜ਼ਮ ਅਤੇ ਨਸਰ ਬਾਰੇ ਮੋਨ ਧਾਰੀ ਬੈਠੇ ਹਨ। ਸੋ ਇਸ ਲੇਖ ਦਾ ਮੰਤਵ ਭਾਈ ਸਾਹਿਬ ਦੇ ਵਿਸ਼ਾਲ ਕਲਾ-ਭਵਨ ਵਿਚੋਂ ਕੁਝ ਇਕ ਤਸਵੀਰਾਂ ਪੇਸ਼ ਕਰਨਾ ਹੈ। ਤਸਵੀਰਾਂ ਇਸ ਲਈ, ਕਿ ਰਚਨਾਵਾਂ ਦੀ ਅੰਤਰ-ਆਤਮਾ ਤਕ ਮੇਰੀ ਪਹੁੰਚ ਨਹੀਂ। ਜਿਨ੍ਹਾਂ ਨੂੰ ਨਾਮ–ਅਭਿਆਸ-ਕਮਾਈ ਦੁਆਰਾ ਰਹੱਸਵਾਦੀ ਅਨੁਭਵ ਹੋਇਆ ਹੈ, ਉਹ ਇਹਨਾਂ ਅੱਖਰਾਂ ਦੀਆਂ ਤਸਵੀਰਾਂ ਵਿਚੋਂ ਭਾਈ ਸਾਹਿਬ ਦੀ ਆਤਮਾ ਦੇ ਦਰਸ਼ਨ ਕਰ ਸਕਣਗੇ।

ਭਾਈ ਸਾਹਿਬ ਦੀ ਵਾਰਤਕ ਦਾ ਮੂਲ-ਵਿਸ਼ਾ ਗੁਰਮਤਿ ਅਤੇ ਗੁਰਬਾਣੀ ਦੀ ਵਿਆਖਿਆ ਹੈ। ਸਰਲਤਾ, ਸਪੱਸ਼ਟਤਾ ਅਤੇ ਸ਼ੁਧਤਾ ਇਸ ਵਿਆਖਿਆ ਦੇ ਮੁਖ ਗੁਣ ਹਨ। ਗੁਰਬਾਣੀ ਦੇ ਭਾਵਾਂ ਨਾਲ ਲੇਖਕ ਦੀ ਆਤਮਾ ਹਲੂਲ ਹੋਣ ਕਰਕੇ, ਵਿਚਾਰਾਂ ਵਿਚ ਅਕਲੀ-ਧੁੰਦ ਕਿਤੇ ਨਹੀਂ। ਇਹ ਵਾਰਤਕ ਤਰਕਵਾਦੀ ਫ਼ਿਲਾਸਫ਼ਰਾਂ ਦੀਆਂ ਉਕਤੀਆਂ-ਯੁਕਤੀਆਂ ਜਾਂ ਮੰਤਕਾਂ ਭਰੀ ਅਣ-ਕਮਾਈ ਫ਼ਿਲਾਸਫ਼ੀ ਨਹੀਂ। ਇਸ ਦੇ ਹਰ ਵਾਕ ਵਿਚ ਸ੍ਵੈ-ਅਨੁਭਵ ਦਾ ਪ੍ਰਕਾਸ਼ ਹੈ। ਇਸੇ ਕਰਕੇ ਇਸ ਦੀ ਸ਼ੈਲੀ ਉਤੇ ਭਾਈ ਸਾਹਿਬ ਦੀ ਸ਼ਖ਼ਸੀਅਤ ਦੀ ਅਮਿੱਟ ਮੁਹਰ ਲੱਗ ਗਈ ਹੈ। ਕਈ ਥਾਈਂ, ਖ਼ਾਸ ਕਰਕੇ 'ਜੇਲ੍ਹ-ਚਿੱਠੀਆਂ' (ਪਹਿਲਾ ਭਾਗ) ਅਤੇ 'ਚਰਨ ਕੰਵਲ ਕੀ ਮਉਜ' ਵਿਚ ਆਪ ਦੀ ਨਸਰ ਵਿਚੋਂ ਨਜ਼ਮ ਦਾ ਤਾਲ ਸੁਣਾਈ ਦਿੰਦਾ ਹੈ। ਪ੍ਰੋ: ਪੂਰਨ ਸਿੰਘ (ਕਰਤਾ ਖੁਲ੍ਹੇ ਲੇਖ) ਤੋਂ ਪਿਛੋਂ ਅਰੁਕਵੇਂ ਵੇਗ ਵਿਚ ਅੱਖਰਾਂ ਦੇ ਦਰਿਆ ਭਾਈ ਸਾਹਿਬ ਤੋਂ ਬਿਨਾਂ ਹੋਰ ਕਿਸੇ ਨਹੀਂ ਵਗਾਏ। ਸਮੁੰਦਰ ਜੇਡਾ ਵਿਸ਼ਾਲ ਅਨੁਭਵ, ਤੂਫ਼ਾਨੀ ਨਦੀਆਂ ਵਰਗੀ ਰਵਾਨੀ, ਜਿਸ ਵਿਚ ਨਿੱਕੇ ਵੱਡੇ ਅਣਗਿਣਤ ਨਵੇਂ ਪੁਰਾਣੇ ਸ਼ਬਦ, ਛਿੱਲੇ ਅਣਛਿੱਲੇ, ਖਰ੍ਹਵੇ ਤੇ ਮੁਲਾਇਮ ਪੱਥਰਾਂ ਵਾਂਗ, ਸਰ-ਸਰ ਸੁਰ ਸੁਰ ਕਰਦੇ ਭਾਵਾਂ ਦੀਆਂ ਤੂਫਾਨੀ ਲਹਿਰਾਂ ਦੇ ਥਪੇੜੇ ਖਾਂਦੇ ਅਨੰਤ-ਚਾਲ ਰੁੜ੍ਹਦੇ -ਰਿੜ੍ਹਦੇ ਜਾ ਰਹੇ ਹਨ। ਕੁਝ ਲਹਿਰਾਂ ਦਾ ਵਹਾਉ ਇਸ ਤਰ੍ਹਾਂ ਹੈ:-

੧. ਮੈਨੂੰ ਨਾਮ ਜਪਣ ਦਾ ਕੋਈ ਥਹੁ ਪਤਾ ਨਹੀਂ, ਨਾ ਕੋਈ ਨਾਮ ਅਭਿਆਸ ਦੀ ਜੁਗਤੀ ਆਉਂਦੀ ਹੈ ਤੇ ਨਾ ਹੀ ਸੁਆਸ ਹਿਠਾਹਾਂ, ਉਤਾਹਾਂ, ਉਤਾਰਨ ਦੀ ਮੈਂ ਕਿਤੋਂ ਸੰਥਿਆ ਸਿੱਖੀ ਹੈ। ਮੈਨੂੰ ਕੇਵਲ ਪਤੀ-ਪ੍ਰਮਾਤਮਾ ਦੀ ਪ੍ਰਾਪਤੀ ਵਾਲੀ ਲਿੱਲ ਲਗੀ ਹੋਈ ਹੈ। ਇਹ ਪ੍ਰੇਮ-ਭਿੰਨੀ ਲਿੱਲ ਯਾ ਪ੍ਰੇਮ-ਪਲੀਤਾ ਹੈ ਜੋ ਮੇਰੀ ਹਿਚਕਦੀ, ਹਟਕਦੀ ਤੇ ਡਸਕੋਰੇ ਖਾਂਦੀ ਬ੍ਰਿਤੀ ਨੂੰ ਚਾਬਕ ਮਾਰ ਮਾਰ ਕੇ ਚੜ੍ਹਦੀ ਕਲਾ ਵਲ ਸਿੱਧੇ ਤੋਰੀ ਜਾਣ ਲਈ ਸਹਾਇਕ ਬਣੀ ਹੈ। (ਜੇਲ੍ਹ-ਚਿੱਠੀਆਂ-ਪਹਿਲਾ ਭਾਗ)

੨.ਮੈਂ ਸਿੱਧਾ-ਸਤੋਰ ਨਿਸਲ ਹੋ ਕੇ ਲੰਮਾ ਪੈ ਗਿਆ, ਪਰ ਜਿਹਬਾ ਕਰਕੇ ਜਾਪ ਉਵੇਂ ਜਿਵੇਂ ਹੀ ਹੋ ਰਿਹਾ ਸੀ ਤੇ ਹੱਥ ਉਚਾ ਕਰ ਕੇ ਮਾਲਾ ਦਾ ਅਖੰਡ ਚੱਕਰ ਉਸ ਤੋਂ ਭੀ ਅਧਿਕ ਚਲ ਰਿਹਾ ਸੀ। ਹੋਰ ਸਭ ਕਾਰ



www.AKJ.Org

ਤਾਂ ਉਵੇਂ ਕਿਵੇਂ ਚਲ ਰਹੀ ਸੀ, ਬ੍ਰਿਤੀ ਵਿਚ ਭੀ ਰੰਚਕ ਮਾਤ੍ਰ .ਘਾਟਾ ਨਹੀਂ ਸੀ। ਕੇਵਲ ਆਸਾਂ ਤੇ ਉਤਸ਼ਾਹਾਂ ਦਾ ਫੁਰਨਾ ਨਹੀਂ ਸੀ। ਇਸ ਨਿਰਾਸਤਾ ਵਾਲੀ ਨਿੱਸਲ ਪਰ ਸਾਵਧਾਨਤਾ ਦੀ ਹਾਲਤ ਵਿਚ ਥੋੜੇ ਹੀ ਚੱਕਰ ਫਿਰੇ ਹੋਣਗੇ ਕਿ ਚਾਣਚੱਕ ਅਚਿੰਤਾ ਹੀ ਮੇਰੇ ਘਟ ਅੰਦਰ ਜੋਤ ਦਾ ਪ੍ਰਕਾਸ਼ ਆਣ ਲਿਸ਼ਕਿਆ। ਜਦੋਂ ਹੀ ਮੈਂ ਆਪਣੇ ਅੰਦਰ ਠੰਢਾ-ਠਾਰ ਚਾਨਣਾ ਝਲਕਦਾ, ਡਲ੍ਹਕਦਾ ਪੇਖਿਆ ਤੇ ਸਾਂਗੋ ਪਾਂਗ ਪੇਖਿਆ ਤਾਂ ਮੈਥੋਂ ਝਾਲ ਝੱਲੀ ਨਾ ਗਈ। ਮੇਰੀਆਂ ਕਿਲਕਾਰੀਆਂ, ਮੇਰੀਆਂ ਚੀਕਾਂ ਨਿਕਲ ਚੱਲੀਆਂ, ਮੈਂ ਹੌਲਾ ਫੁੱਲ ਵਰਗਾ ਹੋ ਗਿਆ। ਅਚਰਜ ਸੁਆਦ-ਦਾਰ ਅਕਹਿ ਅਸਹਿ ਮਿਠਾਸ ਦੀ ਦਮਕ ਵਾਲਾ ਪ੍ਰਕਾਸ਼ ਜੋਤ ਸਰੂਪੀ ਝਿਲਮਕਾਰ ਜਦ ਮੈਂ ਦੂਜੀ ਵਾਰ ਝਾਤੀ ਮਾਰ ਕੇ ਅੰਤਰ ਬਾਹਰ ਸਾਰੀ ਕੋਠੀ ਦੇ ਅੰਦਰ ਪਸਰਿਆ ਹੋਇਆ ਦੇਖਿਆਂ, ਮੇਰੀਆਂ ਅੱਖਾਂ ਮਿਚ ਗਈਆਂ। ਜਿਉਂ ਉਭੜਿਆ ਉਭੜ ਕੇ ਛੱਤ ਨਾਲ ਜਾ ਲਗਿਆ, ਮੇਰੇ ਹੱਥ ਜੁੜ ਗਏ। ਬੇਨਤੀ ਕੀਤੀ,'ਸਚੇ ਪਾਤਸ਼ਾਹ! ਏਸ ਅਜਰ ਨੂੰ ਆਪੇ ਹੀ ਜਰਾ, ਮੈਥੋਂ ਜਰਿਆ ਨਹੀਂ ਜਾਂਦਾ'। ਇਕ ਅੱਖ ਦੇ ਫੋਰ ਵਿਚ ਮੈਂ ਮਲਕ ਦੇ ਕ ਫੇਰ ਫ਼ਰਸ਼ 'ਤੇ ਆਣ ਟਿਕਿਆ। ਇਕ ਫੁੱਲ ਦੀ ਸੱਟ ਫੇਟ ਨਹੀਂ ਲਗੀ। ਝੂਲਣੇ 'ਤੇ ਝੂਲਦਾ ਹੀ ਉਪਰ ਜਾ ਚੜ੍ਹਿਆ ਸੀ ਅਤੇ ਹਿਲੋਰਿਆਂ ਦੀ ਬੁੱਕਲ-ਲੋਰੀ ਵਿਚ ਹੇਠ ਆਣ ਉਤਰਿਆ। (ਜੇਲ੍ਹ-ਚਿੱਠੀਆਂ ਪਹਿਲਾ ਭਾਗ)

੩. ਇਸ ਗੁਪਤ ਜੋਤਿ-ਚਿੰਗਾੜੀ ਨਾਮ ਪਾਰਸ ਲਟੀ ਨਾਲ ਸਪਰਸ਼ ਹੋਈ ਸੁਆਸ ਅਭਿਆਸੀ ਸਿਮਰਨ-ਕਲਾ ਦੀ ਧਉਂਕਣੀ ਨਾ-ਸਿਰਫ਼ ਉਰਧ ਕੰਵਲ ਨੂੰ ਸ਼ਗੁਫ਼ਤ ਕਰਾਉਂਦੀ ਹੈ ਬਲਕਿ ਨਾਭ-ਕੰਵਲ ਕੋਠੜੀ ਅੰਦਰਿ ਜੋਤਿ ਪ੍ਰਚੰਡੀ ਉਜਿਆਰਾ ਕਰ ਦੇਣ ਨੂੰ ਭੀ ਸਮਰਥ ਹੈ। 'ਊਧ ਕਵਲ ਬਿਗਸਾਂਤ' ਦੇ ਮੁਅਜਜ਼ੇ ਵਰਤਣ ਪਸਚਾਤ ਚਰਨ ਕੰਵਲ ਮੌਜਾਰੀ ਨਾਮ ਸਿਮਰਨ ਅਭਿਆਸੀ ਜਨ ਨੂੰ 'ਪ੍ਰਗਟ ਭਏ ਆਪਹਿ ਗੋਬਿੰਦ' ਵਾਲਾ ਸ਼ਾਕਸਾਤ-ਕਾਰੀ ਚਮਤਕਾਰ ਹੋ ਜਾਂਦਾ ਹੈ।, ਪਿਰੀ ਪ੍ਰੀਤਮ ਗੋਬਿੰਦ ਜੋਤੀ ਸਰੂਪ ਦਾ ਭੀ ਸਮੁੱਚਾ ਦਰਸ਼ਨ ਹੋ ਜਾਂਦਾ ਹੈ।

('ਚਰਨ ਕਮਲ ਕੀ ਮਉਜ' ਵਿਚੋਂ)

੪.ਚਰਨ ਕੰਵਲਾਂ ਦੀ ਧੂੜੀ, ਅਮਿਉ ਰਸਾਇਣੀ ਧੂੜੀ, ਪਾਰਸ ਕੀਮੀਆ ਜੌਹਰਾਣੀ ਧੂਨਨੀ ਵਿਚ ਮਜਨ ਕੀਤਿਆਂ, ਮੱਜਨ। ਸੁਧਾਸਰ ਸਮੱਜਨ ਕੀਤਿਆਂ, ਏਹ ਪੰਜ ਭੂਤਕ ਦੇਹੀ ਅਤਿਅੰਤ ਮਨੋਹਰ ਸੁੰਦਰਤਾ ਤੇ ਪਰਮ ਪੁਨੀਤ ਤੇਜ ਭਾਨ ਜਲਵਤਾ ਵਾਲੀ ਅਤੇ ਇਥੀਰੀਅਲ (ethereal)ਸੁਖਮਤਾ ਵਾਲੀ ਦਿਬ ਦੇਹੀ ਹੋ ਜਾਂਦੀ ਹੈ।

ਭਾਈ ਸਾਹਿਬ ਦੀਆਂ ਸਭ ਪੁਸਤਕਾਂ ਵਿਚ ਇਹੋ ਜਿਹੇ ਸੈਂਕੜੇ ਜੋਤਿ ਵਿਗਾਸੀ ਭੇਤ ਬੰਦ ਹਨ। ਪਰ ਜਿਵੇਂ ਪਿਛੇ ਦਸਿਆ ਜਾ ਚੁਕਾ ਹੈ, ਆਪ ਦੀਆਂ ਰਮਜ਼ਾਂ ਨੂੰ ਕੇਵਲ ਨਾਮ ਦੇ ਰਸੀਏ ਅਤੇ ਰੂਹਾਨੀ ਮੰਡਲਾਂ ਵਿਚ ਵਿਚਰਨ ਵਾਲੇ ਹੀ ਸਮਝ ਸਕਦੇ ਹਨ। ਭਾਈ ਸਾਹਿਬ ਦੀਆਂ 'ਜੇਲ੍ਹ ਚਿੱਠੀਆਂ' (ਸ੍ਵੈ ਜੀਵਨੀ) ਉਹਨਾਂ ਦੀ ਸ਼ਖਸੀਅਤ ਅਤੇ ਰਚਨਾ ਨੂੰ ਸਮਝਣ ਲਈ ਸਹਾਇਤਾ ਕਰਦੀਆਂ ਹਨ। 'ਗੁਰਮਤਿ ਨਾਮ ਅਭਿਆਸ ਕਮਾਈ' 'ਗੁਰਮਤਿ ਸੱਚ ਨਿਰਣੇ', 'ਗੁਰਮਤਿ ਬਿਬੇਕ' ਅਤੇ 'ਕਰਮ ਫ਼ਿਲਾਸਫ਼ੀ' ਆਦਿਕ ਪੁਸਤਕਾਂ ਦੀ ਵਾਰਤਕ ਭੀ ਬਹੁਤ ਸਰਲ ਅਤੇ ਸਪਸ਼ਟ ਹੈ, ਫੇਰ ਭੀ ਪਾਠਕ ਓਦੋਂ ਤਕ ਭਾਈ ਸਾਹਿਬ ਦੇ ਵਿਚਾਰਾਂ ਦੀ ਥਾਹ ਨਹੀਂ ਪਾ ਸਕਦਾ, ਜਦੋਂ ਤਕ ਉਸ ਦਾ ਜੀਵਨ ਭਾਈ ਸਾਹਿਬ ਵਾਂਗ ਰੱਬੀ-ਰੰਗ ਵਿਚ ਰੰਗਿਆ ਨਾ ਹੋਵੇ।

'ਜੇਲ੍ਹ ਚਿੱਠੀਆਂ' ਦੀ ਵਾਰਤਕ ਵਿਚ ਨਾਵਲ ਵਰਗੀ ਦਿਲਚਸਪੀ ਅਤੇ ਇਤਿਹਾਸ ਵਰਗੀ ਸੱਚਾਈ ਹੈ। ਇਹਨਾਂ ਦੀ ਮਹਾਨਤਾ ਬਹੁ-ਪੱਖੀ ਹੈ: ਇਤਿਹਾਸਕ, ਧਾਰਮਕ ਅਤੇ ਸਹਿੱਤਕ। ਇਤਿਹਾਸਕ ਪੱਖ ਤੋਂ ਇਹ ਚਿੱਠੀਆਂ ਭਾਰਤ ਦੀ ਸੁੰਤਤਰਤਾ ਲਹਿਰ, ਖ਼ਾਸ ਕਰਕੇ ਗੁਰਦੁਆਰਾ ਸੁਧਾਰ ਲਹਿਰ, ਗ਼ਦਰ ਪਾਰਟੀ ਅਤੇ ਹੋਰ ਗਰਮ ਧੜਿਆਂ ਦੇ ਕੁਝ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਦੀ ਵਾਰਤਾ ਪੇਸ਼ ਕਰਦੀਆਂ ਹਨ। ਅੰਗ੍ਰੇਜ਼ ਹਾਕਮਾਂ ਦੀ ਕੁਟਲ ਨੀਤੀ, ਜੇਲ੍ਹ-ਕਰਮਚਾਰੀਆਂ ਦੇ ਜ਼ੁਲਮਾਂ ਅਤੇ ਕੈਦੀਆਂ ਦੇ ਉਹਨਾਂ ਪ੍ਰਤੀ ਹਾਵਾਂ-ਭਾਵਾਂ ਅਤੇ ਪ੍ਰਤੀਕਰਮਾਂ ਨੂੰ, ਡਾਢੇ ਦਿਲਖਿਚਵੇਂ ਢੰਗ ਨਾਲ ਸੁਣਾਇਆ ਗਿਆ ਹੈ। ਕਿਉਂਕਿ ਸਾਰੀ ਵਾਰਤਾ ਭਾਈ ਰਣਧੀਰ ਸਿੰਘ ਜੀ ਦੇ ਦੁਆਲੇ ਘੁੰਮਦੀ ਹੈ, ਆਪ ਇਸ ਜੀਵਨ-ਕਥਾ ਦੇ ਨਾਇਕ ਹਨ। ਵੱਡੀ ਵਡਿਆਈ ਇਸ ਗੱਲ ਵਿਚ ਹੈ ਕਿ 'ਜੇਲ੍ਹ ਚਿੱਠੀਆਂ' ਵਿਚਲਾ ਨਾਇਕ, ਭਾਈ ਵੀਰ ਸਿੰਘ ਜਾਂ ਚਰਨ ਸਿੰਘ ਸ਼ਹੀਦ ਦੇ ਨਾਵਲ-ਨਾਇਕਾਂ ਵਾਂਗ ਕੋਈ ਮਨੋ-ਕਲਪਿਤ ਜਾਂ ਗੁਰਸਿੱਖੀ ਦੇ ਗੌਰਵ-


www.AKJ.Org

ਕਾਲ ਵਿਚੋਂ ਚੁਣ ਕੇ ਸ਼ਿੰਗਾਰਿਆਂ-ਸੰਵਾਰਿਆਂ ਆਦਰਸ਼ਕ ਵਿਅਕਤੀ ਨਹੀਂ। ਸਗੋਂ ਉਹ ਆਧੁਨਿਕ ਯੁਗ ਦਾ ਜੀਉਂਦਾ-ਜਾਗਦਾ ਅਤੇ ਲੋਕਾਂ ਦਾ ਆਪਣਾ ਪਰਖਿਆ-ਪੜਤਾਲਿਆ ਧਾਰਮਕ ਆਗੂ ਹੈ। 'ਜੇਲ੍ਹ ਚਿਠੀਆਂ' ਦੇ ਤਿੰਨ ਭਾਗ ਹਨ ਅਤੇ ਇਹਨਾਂ ਤਿੰਨਾਂ ਭਾਗਾਂ ਰਾਹੀਂ ਭਾਈ ਸਾਹਿਬ ਦੀ ਸ਼ਖਸੀਅਤ ਦੇ ਵਿਕਾਸ ਦਾ ਪੂਰੀ ਤਰ੍ਹਾਂ ਪਤਾ ਲਗ ਜਾਂਦਾ ਹੈ। ਸਿੱਖੀ ਦੀ ਖੰਨਿਓਂ ਤਿੱਖੀ ਅਤੇ ਵਾਲੋਂ ਨਿੱਕੀ ਧਾਰ ਤੇ ਤੁਰਨ ਵਾਲੇ ਮਹਾਨ ਗੁਰਸਿਖ ਦੇ ਨਾਮ ਅਭਿਆਸ, ਰਹਿਤ-ਮਰਯਾਦਾ ਅਤੇ ਦੇਸ਼-ਪਿਆਰ ਦੀਆਂ ਅਦੁੱਤੀ ਝਾਕੀਆਂ ਤੋਂ ਬਿਨਾਂ, ਇਹਨਾਂ ਚਿੱਠੀਆਂ ਵਿਚ ਅਣਵੰਡੇ ਭਾਰਤ ਦੀਆਂ ਵਖ ਵਖ ਜੇਲ੍ਹਾਂ (ਲਾਹੌਰ, ਨਾਗਪੁਰ, ਮਦਰਾਸ ਆਦਿ) ਦੀਆਂ ਖ਼ੂਨੀ ਦੀਵਾਰਾਂ ਪਿਛੇ ਦੇਸ਼-ਭਗਤਾਂ ਉਤੇ ਹੋਏ ਕਾਲੇ ਜ਼ੁਲਮਾਂ ਦੀਆਂ ਤਸਵੀਰਾਂ ਅੰਕਿਤ ਹਨ।

ਪਹਿਲੇ ਭਾਗ ਵਿਚ ਪੰਜ ਚਿੱਠੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਭਾਈ ਸਾਹਿਬ ਦੇ ਮਨ ਵਿਚ ਨਾਮ ਦੀ ਕੜੀ ਬੇਸ਼ਕ ਪੂਰਬਲੇ ਜਨਮਾਂ ਤੋਂ ਮੌਜੂਦ ਸੀ, ਪਰ ਬੀ. ਏ. ਦੀ ਪੜ੍ਹਾਈ (੧੮੯੯-੧੯੦੦) ਤਕ ਅੰਕੁਰ ਨਹੀਂ ਸੀ ਫੁਟਿਆ ਅਤੇ ਓਦੋਂ ਤਕ ਭਾਈ ਸਾਹਿਬ ਦੀ ਮਾਨਸਕ ਅਵਸਥਾ ਇਕ ਸਧਾਰਨ ਗੁਰਸਿਖ ਵਰਗੀ ਸੀ। ਇਕ ਗਲ ਅਸਚਰਜਤਾ ਦੀ ਹੱਦ ਦਕ ਅਸਧਾਰਨ ਉਸ ਵਕਤ ਭੀ ਸੀ ਕਿ ਲਾਹੌਰ ਵਰਗੇ ਸ਼ਹਿਰ ਵਿਚ ਕਾਲਜ ਦਾ ਵਿਦਿਆਰਥੀ ਹੁੰਦੇ ਹੋਇਆ, ਨੌਜਵਾਨ ਰਣਧੀਰ ਸਿੰਘ ਨੇ juvenile delinquency (ਅਲ੍ਹੜ ਮੁੰਡਿਆਂ ਵਾਲੀ ਅਨਗਹਿਲੀ) ਨੂੰ ਨੇੜੇ ਨਾ ਫਟਕਣ ਦਿੱਤਾ। ਰੋਗੀ ਵਾਤਾਵਰਨ ਤੋਂ ਅਰੋਗ-ਆਤਮਾ ਉਪਰਾਮ ਸੀ। ਭਾਈ ਸਾਹਿਬ ਲਿਖਦੇ ਹਨ:

ਪ. ਲਾਹੌਰ ਜਾ ਕੇ ਇਕ ਪਾਸੇ ਤਾਂ ਪੜ੍ਹਾਈ ਦੀ ਖੜਕਸ, ਦੂਜੇ ਪਾਸੇ ਕੁਸੰਗ ਦਾ ਬਾਜ਼ਾਰ ਗਰਮ, ਤੀਜੇ ਓਰ ਅਨੇਕ ਮਤਾਂ-ਮਤਾਂਤ੍ਰਾਂ ਦਾ ਗਾੜ੍ਹ ਮਚਿਆ ਹੋਇਆ। ਪਰ ਇਕ ਮਜ਼ਹਬੀ ਮਜਲਿਸ ਵਿਚ ਜਾਣ ਦਾ ਭੁਸ ਪੈ ਗਿਆ, ਪਰ ਚੁਫੇਰੇ ਖ਼ੁਸ਼ਕੀ ਵਰਤੀ ਹੋਈ ਤੇ ਬਹਿਸ-ਮੁਬਾਹਸੇ ਦਾ ਬਾਜ਼ਾਰ ਗਰਮ ਵੇਖ ਕੇ ਚਿਤ ਨੂੰ ਖਿੱਚ ਕਿਤੇ ਵਲ ਨਾ ਹੋਈ। ਸਾਰੇ ਮਤਾਂ-ਮਤਾਂਤ੍ਰਾਂ ਵਿਚ 'ਸਚ ਕਿਨਾਰੇ ਰਹਿ ਗਿਆ' ਪਰਗਟ ਪਹਾਰੇ ਜਾਪਦਾ ਸੀ ਤੇ ਪ੍ਰੇਮ-ਅੰਤ ਨੂੰ ਪ੍ਰੇਮ ਦਾ ਨਿਸ਼ਾਨਾ ਕਿਤੇ ਨਹੀਂ ਸੀਂ ਸੁਝਦਾ।'' (ਜੇਲ੍ਹ ਚਿੱਠੀਆਂ)

ਸੋ ਪ੍ਰੇਮ-ਅੰਸ ਨੂੰ ਪ੍ਰੇਮੁਨਿਸ਼ਾਨੇ ਦੀ ਲੋਚਾ ਸੀ, ਪਰ ਇਹ ਲੋਚਾ ਅਜੇ ਪੱਕੀ-ਲਗਨ ਜਾਂ ਲਟ ਲਟ ਕਰਦੀ ਇਸ਼ਕ-ਲਾਟ ਵਾਂਗ ਨਹੀਂ ਸੀ ਜਗੀ । ਵੈਰਾਗ ਤਾਂ ਸੀ ,ਪਰ ਅਜੇ ਤੀਬਰ ਨਹੀਂ ਸੀ ਹੋਇਆ।

ਭਾਈ ਸਾਹਿਬ ਨੂੰ ਨਾਮੁ-ਅਭਿਆਸ ਦੀ ਲਗਨ ਸੰਸਾਰਕ ਕਾਮਨਾ ਕਾਰਨ ਲੱਗੀ। ਬੀ.ਏ. ਦੀ ਪ੍ਰੀਖਿਆ ਵਿਚੋਂ ਸਫਲਤਾ ਦੇ ਸੰਕਲਪ ਨੇ, ਆਪ ਦੇ ਪਿਤਾ ਜੀ ਦੇ ਮਨ ਵਿਚ ਨਿਤਨੇਮ ਦਾ ਗੁਟਕਾ ਭੇਜਣ ਦੀ ਪ੍ਰੇਰਨਾ ਕੀਤੀ। ਇਹ ਗੁਟਕਾ ਬਹੁਤ ਕਾਰਗਰ ਸਾਬਤ ਹੋਇਆ। ਸੁਆਰਥ ਵਿਚ ਸਫਲਤਾ ਭੀ ਮਿਲੀ, ਪਰ ਸੁਆਰਥ ਤੋਂ ਉਚੇਰੇ ਪਰਮਾਰਥ ਦੀ ਤੜਪ ਭੀ ਭਾਈ ਸਾਹਿਬ ਨੂੰ ਇਸੇ ਗੁਟਕੇ ਨੇ ਹੀ ਲਗਾਈ। ਆਪ ਨੂੰ ਗੁਰਬਾਣੀ ਦੇ ਪਾਠ ਵਿਚ ਰਸ ਆਉਣ ਲਗ ਪਿਆ ਪਰ ਅਜੇ ਨਾਮ ਦੇ ਰਹੱਸ ਦਾ ਗਿਆਨ ਨਹੀਂ ਸੀ ਹੋਇਆ। ਏਧਰ ਨਾਮ ਦੀ ਲਗਨ ਲੱਗੀ ਤੇ ਖੋਜ ਸ਼ੁਰੂ ਹੋਈ, ਓਧਰ ਮਾਇਆ ਨੇ ਤਸੀਲਦਾਰੀ ਦਾ ਚੋਗਾ ਖਿਲਾਰ ਕੇ ਆਪ ਨੂੰ ਜਾਲ ਵਿਚ ਫਸਾਉਣਾ ਚਾਹਿਆ। ਪਰ ਆਪ ਦੇ ਨੈਣਾਂ ਵਿਚ ਕਿਸੇ ਅਨੂਪਮ ਅਤੇ ਅਲੌਕਿਕ ਸੁੰਦਰਤਾ ਦੀ ਤਸਵੀਰ ਲਟਕਣ ਲਗ ਪਈ ਸੀ। ਮਨਮੋਹਣੇ ਸਰੂਪ ਵਾਲੀ ਮਾਇਆ ਦੇ ਹਾਵ ਭਾਵ ਕਿਵੇਂ ਕੀਲ ਸਕਦੇ ਹਨ? ਪਰਮਾਰਥ ਦੇ ਪਾਂਧੀਆਂ ਨੂੰ ਕਦਮ ਕਦਮ ਉਤੇ ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਹੈ। ਕੱਚੇ-ਪਿੱਲੇ ਰਾਹ ਵਿਚ ਹੀ ਰਹਿ ਜਾਂਦੇ ਹਨ, ਪਰ ਮੰਜ਼ਿਲ ਦੇ ਆਸ਼ਕ, ਮੰਜ਼ਿਲ ਤੋਂ ਉਰ੍ਹਾਂ ਕਿਤੇ ਨਹੀਂ ਰੁਕਦੇ। ਭਾਈ ਸਾਹਿਬ ਨੂੰ ਕੁਦਰਤ ਨੇ ਕਈ ਚਮਤਕਾਰ ਵਿਖਾਏ, ਪਰ ਆਪ ਦੀ ਨਜ਼ਰ ਕੁਦਰਤ ਦੇ ਕਾਦਰ ਉਤੇ ਟਿਕੀ ਰਹੀ। ਤਸੀਲਦਾਰੀ ਤੋਂ ਅਸਤੀਫ਼ਾ ਦੇਣ ਦੇ ਸਮੇਂ ਤਕ ਆਪ ਦੀ ਸ਼ਖਸੀਅਤ ਉਤੇ ਹੇਠ ਲਿਖੇ ਚਮਤਕਾਰਾਂ ਦੀ ਮੁਹਰ ਲੱਗ ਚੁੱਕੀ ਸੀ:-

(ੳ) ਨਾਮ ਦੀ ਪਰਾਪਤੀ ਅਤੇ ਅਕਾਲੀ-ਜੋਤ ਦੇ ਦਰਸ਼ਨ।

(ਅ) ਨਾਮ-ਅਭਿਆਸ ਦੁਆਰਾ ਦਸਮ ਦੁਆਰ ਅਤੇ ਅਨਹਦ ਸ਼ਬਦ ਦਾ ਗਿਆਨ।

(ੲ) ਇਕ ਕਰਾਮਾਤੀ ਸਾਧੂ, ਇਕ ਬਿਬੇਕੀ-ਸਿੱਖ ਅਤੇ ਇਕ ਬ੍ਰਹਮਗਿਆਨੀ ਮਾਈ (ਗੁਲਾਬ ਕੌਰ) ਦੀ ਸੰਗਤ


www.AKJ.Org

ਤੋਂ ਬਿਨਾਂ ਸ੍ਵੈ-ਅਨੁਭਵ ਵਿਚ ਆਏ ਕਈ ਅਲੌਕਿਕ ਚਮਤਕਾਰ।

ਭਾਈ ਸਾਹਿਬ ਜੀ ਦੀਆਂ ਰਚਨਾਵਾਂ ਦਾ ਮੁਖ ਵਿਸ਼ਾ ਗੁਰਬਾਣੀ ਦੀ ਖੋਜ ਅਤੇ ਗੁਰਮਤਿ ਦੀ ਵਿਆਖਿਆ ਹੈ। ਇਸ ਵਿਆਖਿਆ ਪਿਛੇ ਉਮਰਾਂ ਦੀ ਨਾਮ-ਅਭਿਆਸ ਕਮਾਈ ਅਤੇ ਅੱਖੀਂ ਡਿੱਠੇ ਤੇ ਕੰਨੀ ਸੁਣੇ ਅਲੌਕਿਕ ਨਜ਼ਾਰਿਆਂ ਤੇ ਆਤਮਕ ਝੁਣਕਾਰਿਆਂ ਦਾ ਨਿਜੀ ਅਨੁਭਵ ਗੂੰਜਦਾ ਸੁਣਾਈ ਦਿੰਦਾ ਹੈ। ਇਹੋ ਗੁਣ ਭਾਈ ਸਾਹਿਬ ਦੀ ਗੁਰਮਤਿ-ਵਿਆਖਿਆ ਨੂੰ ਸਮਕਾਲੀ ਵਿਆਖਿਆਕਾਰਾਂ ਨਾਲ ਵਖਰਿਆਉਂਦਾ ਹੈ। 'ਜੇਲ੍ਹ ਚਿੱਠੀਆਂ', ਖ਼ਾਸ ਕਰ ਕੇ ਇਸ (ਪਹਿਲੇ) ਭਾਗ ਵਿਚ ਨਿੱਜੀ ਅਨੁਭਵ ਦਾ ਭੇਤ ਸੰਗਦਿਆਂ, ਪਰ ਸੰਗੀਤਕ ਤੇ ਕਾਵਿਕ-ਸ਼ੈਲੀ ਵਿਚ ਖੋਲ੍ਹਿਆ ਗਿਆ ਹੈ। ਕਈ ਸਤਰਾਂ ਅਤੀ-ਉਤਮ-ਵਾਰਤਕ ਦੇ ਇਤਿਹਾਸ ਵਿਚ ਸਦਾ ਲਈ ਸਾਂਭਣ ਯੋਗ ਹਨ, ਜਿਵੇਂ:-

(ੳ) ਚਾਰੇ ਚੁਫੇਰੇ ਪਹਾੜੀਆਂ ਵਿਚ ਡੱਬੇ ਵਾਂਗੂੰ ਐਬਟਾਬਾਦ ਵੱਸੇ।

(ਅ) ਮਾਇਆ ਜਿਵੇਂ ਗੁਰੂ ਸਾਹਿਬ ਪ੍ਰੇਰਨਾ ਕਰਦੇ, ਤਿਵੇਂ ਸਭ ਗੁਰੂ ਕੇ ਲੇਖੇ ਲਾ ਛਡਣੀ।

(ੲ) ਮੁਸਾਫ਼ਰ ਹਾਂ, ਪ੍ਰਾਹੁਣਚਾਰੀ ਕੀ ਕਰਾਂ?

(ਸ) ਮੇਰਾ ਸੁਣਿਆ ਪੇਖਿਆ ਇਕ ਹੋ ਗਿਆ।

(ਹ) ਮੈਂ ਸਿਦਕ ਵਿਚ ਪੰਘਰ ਕੇ ਸਿਦਕ ਦਾ ਰੂਪ ਹੋ ਗਿਆ।

'ਜੇਲ੍ਹ ਚਿੱਠੀਆਂ' ਦੇ ਇਸ ਭਾਗ ਵਿਚ ਕਈ ਘਟਨਾਵਾਂ ਅਸਚਰਜਤਾ-ਜਨਕ ਹਨ, ਕਿਉਂਕਿ ਇਹਨਾਂ ਦਾ ਅਨੁਭਵ ਭਾਈ ਸਾਹਿਬ ਵਰਗੀ ਅਸਧਾਰਨ ਵਿਅਕਤੀ ਨੂੰ ਹੀ ਹੋ ਸਕਦਾ ਹੈ ਅਤੇ ਇਹੋ ਜਿਹੀਆਂ ਵਿਅਕਤੀਆਂ 'ਕੋਟਨ ਮਹਿ ਨਾਨਕ ਕੋਊ' ਦੇ ਮਹਾਂਵਾਕ ਅਨੁਸਾਰ ਦੁਨੀਆਂ ਵਿਚ ਵਿਰਲੀਆਂ ਹਨ। ਦੁਨਿਆਵੀ ਕਾਰ-ਵਿਹਾਰ ਵਿਚ ਫਾਥੇ ਲੋਕ ਇਹਨਾਂ ਸਤਰਾਂ ਵਿਚਲੇ ਅਨੁਭਵ ਤਕ ਨਹੀਂ ਪਹੁੰਚ ਸਕਦੇ। ਇਸੇ ਲਈ ਸ਼ਾਇਦ ਭਾਈ ਸਾਹਿਬ ਆਪਣੇ ਅਨੁਭਵੀ ਚਮਤਕਾਰਾਂ ਨੂੰ ਕਿਤਾਬੀ ਰੂਪ ਵਿਚ ਪੇਸ਼ ਕਰਨ ਤੋਂ ਕਈ ਸਾਲ ਝਿਜਕਦੇ ਰਹੇ। (ਵੇਖੋ: ਮੁਖਬੰਧ) ਜਦੋਂ ਉਹਨਾਂ ਦੀ ਸੰਗਤ ਨੇ ਕੁਝ ਨਾਮ-ਅਭਿਆਸੀਆਂ ਨੂੰ ਰੰਗ ਦਿੱਤਾ ਤਾਂ ਇਹੋ ਜਿਹੇ 'ਰੰਗਲੇ ਸੱਜਣਾਂ' ਨਾਲ ਆਪਣੇ ਆਤਮਕ ਤਜਰਬੇ ਸਾਂਝੇ ਕਰਨੇ ਜ਼ਰੂਰੀ ਹੋ ਗਏ। ਤਾਂ ਜੁ ਸਜਣਾਂ-ਮਿੱਤਰਾਂ ਦਾ ਵਿਸ਼ਵਾਸ ਰੂਹਾਨੀ ਚਮਤਕਾਰਾਂ ਵਿਚ ਦ੍ਰਿੜ੍ਹ ਹੋਵੇ ਅਤੇ ਪਦਾਰਥ ਵਾਦੀ ਵਾਤਾਵਰਨ ਵਿਚ ਭੀ ਉਹ ਆਤਮਕ ਸਿੰਘਾਸਣ ਉਤੇ ਅਡੋਲ ਟਿਕੇ ਰਹਿਣ। ਲੇਖ ਦੇ ਮੁੱਢ ਵਿਚ ਦਿੱਤੀਆਂ ਮਿਸਾਲਾਂ ਤੋਂ ਬਿਨਾਂ, ਹੇਠ ਲਿਖੀਆਂ ਸਤਰਾਂ ਭੀ ਭਾਈ ਸਾਹਿਬ ਦੇ ਆਤਮਕ ਅਨੁਭਵ ਦੀਆਂ ਮੂੰਹ-ਬੋਲਦੀਆਂ ਤਸਵੀਰ ਹਨ:-

(ੳ) ਫੇਰ ਇੱਕ ਹੁੱਜ ਜਿਹੀ ਵੱਜੀ। ਮੈਂ ਸਾਵਧਾਨ ਹੋ ਗਿਆ। ਦੇਖਾਂ, ਤਾਂ ਪਿਆ ਉਠਿਆ ਹਾਂ, ਪਰ ਬਿਰਤੀ ਮੇਰੀ ਉਸੇ ਤਰ੍ਹਾਂ ਪ੍ਰਾਰਥਨਾ ਵਿਚ ਹੀ ਹੈ।

(ਅ) ਮੈਂ ਦੰਡਵਤ ਵਿਚੋਂ ਉਠ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਤੇ ਫ਼ਤਹ ਬੁਲਾਈ ਤਾਂ ਕੀ ਦੇਖਾਂ ਮਹਾਰਾਜ ਜੀ ਉਤੇ ਚੰਵਰ ਹੋ ਰਿਹਾ ਹੈ, ਪਰ ਤਾਬੇ ਕੋਈ ਨਹੀਂ।.......... ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ-ਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰ ਅਤੇ ਝਿਲ-ਮਿਲਕਾਰ ਛਬੰਨੀ ਚੱਕ੍ਰਤ ਚਿਤਰਕਾਰੀ ਵਿਚ 'ਵਾਹਿਗੁਰੂ' ਸ਼ਬਦ ਚਿਤਰਿਆ ਝਿਲਮਿਲ ਝਿਲਮਿਲ ਕਰੇ, ਜੋ ਆਸਰੇ ਬਿਨ ਹਵਾ ਮੁਅੱਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਤੇ ਹਵਾਈ ਪੁਲਾੜ ਵਿਚ ਚਾਰ-ਚੁਫੇਰੇ ਇਹੋ ਹੀ ਕਉਤਕ ਵਰਤ ਰਿਹਾ ਸਾਂਗੋ ਪਾਂਗ ਦਿੱਸੇ।

(ੲ) ਦੇਹੋਂ ਬਦੇਹ ਹੋ ਗਿਆ। ਚਲੂਲੇ ਰੰਗਾਂ ਵਿਚ ਮਸਤੁਲ-ਮਸਤ ਬਿਸਮਾਦੀ ਸੁਆਦਾਂ ਦਾ ਗਟਾਕ ਰਸ ਲੈਂਦਾ ਹੋਇਆ ਮੂਲ-ਮੰਤਰ ਦਾ ਪਾਠ ਕਰਾਂ, ਕਰਿ ਕਰਿ ਕੇ ਬਿਸਮਾਦੋਂ ਮਹਾਂ ਬਿਸਮਾਦ ਹੁੰਦਾ ਜਾਵਾਂ। ਅਗਾਂਹ ਪਾਠ ਤੁਰੇ ਹੀ ਨਾ।

(ਸ) ਢੋਲਕੀ ਛੈਣੇ ਵਜਣੋਂ ਹੱਟ ਗਏ, ਪਰ ਮੈਨੂੰ ਅਨਿਕ ਪ੍ਰਕਾਰ ਦੇ ਰਾਗ ਰਤਨ ਕੀਰਤਨ ਖੰਡਾਂ ਬ੍ਰਹਿਮੰਡ ਵਿਚ ਹੁੰਦੇ ਸੁਣਦੇ ਸਨ।

(ਹ)ਜਦ ਮੈਂ ਹਾਜ਼ਰੀ ਵਾਲੇ ਰਜਿਸਟਰ ਉਪਰ ਹਾਜ਼ਰੀ ਲਾਉਣ ਗਿਆ, ਤਾਂ ਕੀ ਦੇਖਿਆਂ ਕਿ ਮੇਰੀਆਂ ਹਾਜ਼ਰੀਆਂ ਲੱਗੀਆਂ ਹੋਈਆਂ ਹਨ, ਇਕ ਭੀ ਗ਼ੈਰਹਾਜ਼ਰੀ ਨਹੀਂ, ਜਦ ਮੈਂ ਆਪਣੇ ਕੰਮ ਦੇਖੇ ਤਾਂ ਸਭ ਦਿਨਾਂ ਦੇ ਕੰਮ ਪੂਰੇ ਹੋਏ ਹੋਏ। ਮੈਂ ਇਸ ਖੇਡ ਨੂੰ ਤਾੜ ਗਿਆ ਕਿ ਇਹ ਸਭ ਕਰਤਾਰ ਨੇ ਕੁਦਰਤ ਵਰਤਾਈ ਹੈ।

ਭਾਈ ਸਾਹਿਬ ਦੀ ਬਿਆਨੀਆਂ-ਸ਼ਕਤੀ ਕਿਸੇ ਭੀ


www.AKJ.Org

ਸਮਕਾਲੀ ਨਾਵਲਕਾਰ ਜਾਂ ਕਹਾਣੀਕਾਰ ਨਾਲੋਂ ਘਟ ਨਹੀਂ। ਆਪ ਬਿਨਾਂ-ਕੋਸ਼ਿਸ਼ ਦਾ ਪਰਭਾਵ ਪਾਏ, ਲਟਕਾਉ (suspense) ਪੈਦਾ ਕਰ ਸਕਦੇ ਹਨ। ਸਭ ਕੁਝ ਕਹਿ ਕੇ ਭੀ ਬਹੁਤ ਕੁਝ ਅਣ-ਕਿਹਾ ਛੱਡ ਜਾਂਦੇ ਹਨ। ਇਹੋ ਉਚਤਮ-ਕਲਾ ਦੀ ਵਡਿਆਈ ਹੈ। ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਸਮੇਂ (੨੩ ਨਵੰਬਰ ੧੯੦੪ (ਇਕੋ ਆਸਣ ਅਤੇ ਇੱਕੋ ਚੌਂਕੜੇ ਬੈਠ ਕੇ ਆਪ ਨੇ ਸਾਰਾ ਅਖੰਡ ਪਾਠ ਸੁਣਿਆ ਤੇ ਜੋ ਚਮਤਕਾਰ ਵੇਖਿਆ ਉਸ ਦਾ ਹਾਲ ਭੀ ਵਰਨਣ ਕੀਤਾ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਸਮੇਂ (੨੩ ਜਨਵਰੀ ੧੯੦੫) ਜਿਹੜਾ ਜਲਵਾ ਵੇਖਿਆ, ਉਸ ਬਾਰੇ ਕੇਵਲ ਇਤਨਾਂ ਆਖ ਕੇ 'ਹੁਣ ਮੈਥੋਂ ਦਸ ਨਹੀਂ ਹੋਣਾ ਕਿਉਂਕਿ ਇਸ ਖੇਡ੍ਹ ਨੂੰ ਅਤਿ ਗੋਝ ਰੱਖਣ ਦਾ ਹੁਕਮ ਹੈ,' ਆਪ ਬਹੁਤ ਕੁਝ ਆਖ ਗਏ।

ਇਕ ਕਰਾਮਾਤੀ ਸਾਧੂ ਦੀ ਵਾਰਤਾ, ਇਸ ਗੱਲ ਦੀ ਗੁਆਹੀ ਹੈ ਕਿ ਆਪ ਦੇ ਦਿਲ ਵਿਚ ਰੱਬੀ-ਖੋਜ ਲਈ ਸੱਚ ਲਗਨ ਸੀ, ਪਰ 'ਸੱਚ' ਤਕ ਪਹੁੰਚ ਲਈ ਆਪ ਗੁਰਮਤਿ-ਮਾਰਗ ਨੂੰ ਸਭ ਰਾਹਾਂ ਤੋਂ ਸ੍ਰੇਸ਼ਟ ਸਮਝਦੇ ਸਨ। ਸਾਧੂ ਨੂੰ ਨਸ਼ਿਆਂ ਦਾ ਸੇਵਨ ਕਰਦਿਆਂ ਵੇਖ ਕੇ ਆਪ ਦੀ ਸ਼ਰਧਾ ਖੇਰੂੰ ਖੇਰੂੰ ਹੋ ਗਈ ਤੇ ਆਪ ਦੇ ਕੋਮਲ ਮਨ ਉਤੇ ਇਹ ਗੱਲ ਕਰੜਾਈ ਨਾਲ ਉਕਰੀ ਗਈ, 'ਭਾਵੇਂ ਕੋਈ ਕਿਤਨਾ ਹੀ ਵੱਡਾ ਫ਼ਕੀਰ ਹੋਵੇ, ਅਸੀਂ ਤਾਂ ਗੁਰਮਤਿ ਦੀ ਕਸੌਟੀ ਨਾਲ ਉਸ ਨੂੰ ਪਰਖਣਾ ਹੈ।' ਭਾਈ ਸਾਹਿਬ ਦੀ ਸਮੁੱਚੀ ਰਚਨਾ ਵਿਚੋਂ ਸਿੱਖ-ਧਰਮ ਅਤੇ ਗੁਰਮਤਿ ਦੀ ਸਰਬ ਸ੍ਰੇਸ਼ਟਤਾ ਦੀ ਜਿਹੜੀ ਗੂੰਜ ਸੁਣਾਈ ਦਿੰਦੀ ਹੈ, ਉਸ ਦਾ ਪਹਿਲਾ ਡੱਗਾ ਕਰਾਮਾਤੀ ਸਾਧੂ ਦੇ ਢੋਲ ਦਾ ਪੋਲ ਖੁਲ੍ਹਣ ਸਮੇ ਲੱਗਾ ਸੀ। ਇਕ ਬਿਬੇਕੀ ਸਿੰਘ ਜਦੋਂ ਦਿੱਬ-ਦ੍ਰਿਸ਼ਟੀ ਦੁਆਰਾ ਆਪ ਦਾ ਸਿੱਖੀ ਸਿਦਕ ਜਾਣ ਕੇ, ਆਪ ਨੂੰ ਥਾਪੜਾ ਦੇ ਕੇ ਅਲੋਪ ਹੋ ਗਿਆ, ਆਪ ਦੀ ਸ਼ਰਧਾ ਸਿਖ ਧਰਮ ਵਿਚ ਪਰਪੱਕ ਹੋ ਗਈ। ਮਾਈ ਗੁਲਾਬ ਕੌਰ ਨਾਲ ਆਪ ਦੀ ਮੁਲਾਕਾਤ ਇਸੇ ਸ੍ਵੈ-ਭਰੋਸੇ ਦਾ ਫਲ ਸਰੂਪ ਸੀ। ਆਪ ਦੀ ਸਖਸ਼ੀਅਤ ਵਿਚ ਕੋਈ ਚੁੰਬਕ ਖਿੱਚ ਸੀ ਕਿ ਰਹਾਗੀਰਾਂ ਨੂੰ ਪੱਥਰ ਮਾਰਨ ਵਾਲੀ ਸਾਈਂ ਦਰ ਪੁੱਜੀ ਮਾਈ, ਆਪ ਦੇ ਦਰਸ਼ਨ ਕਰਦਿਆਂ ਹੀ ਨਮਸਕਾਰ ਵਿਚ ਝੁੱਕ ਗਈ। ਮਾਈ ਗੁਲਾਬ ਕੌਰ ਨਾਲ ਭਾਈ ਸਾਹਿਬ ਦੀ ਗੋਸ਼ਟੀ, ਪੀਰਾਂ ਤੇ ਫ਼ਕੀਰਾਂ ਦੀਆਂ ਗੋਸ਼ਟੀਆਂ ਵਾਂਗ ਜਿਥੇ ਰੱਬੀ-ਰਮਜ਼ਾਂ ਖੋਲ੍ਹਦੀ ਹੈ ਉਥੇ ਭਾਈ ਸਾਹਿਬ ਦੀ ਗਦ-ਸ਼ੈਲੀ ਵਿਚ ਸ਼ਬਦਾਂ ਦੇ ਸੰਜਮ, ਭਾਵਾਂ ਦੀ ਵਿਸ਼ਾਲਤਾ ਅਤੇ ਸੁਝਾਵਾਂ ਦੀ ਮਾਰਮਿਕਤਾ ਦੇ ਮੂੰਹ-ਬੋਲਦੀ ਤਸਵੀਰ ਹੈ:-

(ੳ) ਮੁਸਾਫ਼ਰ ਹਾਂ, ਪ੍ਰਾਹੁਣਚਾਰੀ ਕਿਵੇਂ ਕਰਾਂ?

(ਅ) ਗੁਰੂ ਕੇ ਸਿੱਖਾਂ ! ਤੂੰ ਨਿਹਾਲ ਹੋਇਓਂ ! ਸੋਹਣਾ ਦੀਵਾ ਸਤਿਗੁਰੂ ਨੇ ਜਗਾਇਆ ਹੈ।

ਜਦੋਂ ਸੁਆਲ ਹੋਇਆ, 'ਫੇਰ ਦਰਸ਼ਨ ਮੇਲੇ ਕਦੋਂ ਹੋਣਗੇਂ ? ਤਾਂ ਜੁਆਬ ਮਿਲਿਆ,'ਅੰਤਰ ਆਤਮੇ ਮਿਲ ਰਹੇ ਸ਼ਬਦ-ਮੇਲੀਆਂ ਦਾ ਸਦਾ ਹੀ ਮੇਲ ਬਣਿਆ ਹੋਇਆ ਹੈ।'

ਇਹੋ ਜਿਹੀਆਂ ਰਮਜ਼ਾਂ ਨਾਲ ਭਰਪੂਰ ਵਾਰਤਕ 'ਪੁਰਾਤਨ ਜਨਮ ਸਾਖੀ' ਦੀ ਰਹੱਸਮਈ ਵਾਰਤਕ ਦੀ ਯਾਦ ਤਾਜ਼ਾ ਕਰ ਦਿੰਦੀ ਹੈ। ਹੇਠ ਲਿਖੀਆਂ ਸਤਰਾਂ ਦੀ ਰਵਾਨੀ, ਪੂਰਨ ਸਿੰਘ ਦੀ ਰਚਨਾ 'ਇੱਕ ਜਪਾਨੀ ਨਾਇਕਾ ਦੀ ਜੀਵਨ ਕਥਾ' (ਖੁਲ੍ਹੇ ਲੇਖ) ਨਾਲੋਂ ਵਧੇਰੇ ਤੀਬਰ ਅਤੇ ਤੇਜ਼ ਹੈ:-

ਅਜੇ ਵਾਯੂ ਅਵਸਥਾ ਵੀ ਨਵਜੋਬਨ ਬਾਲੀ ਹੀ ਸੀ ਕਿ ਰੱਬੀ ਨੂਰ ਵਾਲਾ ਜਗਮਗੰਨਾ ਜੋਬਨ ਲਹਿ ਲਹਾ ਕੇ ਚੜ੍ਹ ਗਿਆ। ਗੁਰਮੁਖ ਲਾਲੋ ਲਾਲ ਗੁਲਾਬ ਕੌਰ ਦੀਆਂ ਝਲ-ਮਲੰਤੀਆਂ ਲਾਲੀਆਂ ਦੀ ਝਾਲ ਨਾ ਝੱਲੀ ਜਾਵੇ। ਇਸੇ ਬ੍ਰਿਹੋਂ-ਮਸਤੀ ਵਿਚ ਝੂਲਦੇ ਹਾਥੀ ਦੀ ਨਿਆਈਂ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੀ ਨਵਜੋਬਨ ਬਾਲੜੀ ਮਾਈ ਘਰ-ਬਾਰ ਤੋਂ ਨਿਰਮੋਹ ਹੋ ਕੇ ਚਕਰਵਰਤੀ ਹੋ ਗਈ......ਬਸਤੀ, ਬਜ਼ਾਰ, ਉਦਿਆਨ, ਉਜਾੜ ਵਿਚ ਜਿਥੇ ਭੀ ਮਸਤ ਰੰਗਾਂ ਵਿਚ ਵਿਗਸੀ ਮੌਲੀ ਹੋਈ ਮਾਈ ਜਾ ਬਿਚਰੇ, ਉਥੇ ਹੀ ਗੁਲਜ਼ਰ ਬਣ ਜਾਏ.......ਦਾਸ ਅੱਗੇ ਕਦਮ ਵਧਾਉਣ ਹੀ ਲੱਗਾ ਸੀ, ਕਿ ਦਿੱਬ ਦ੍ਰਿਸ਼ਟੀ ਦੀ ਕਲਾ ਸੰਪਨ ਮਾਈ, ਪ੍ਰੇਮੀਆਂ, ਦਰਸ-ਪ੍ਰੇਮੀਆਂ ਦੀਆਂ ਪ੍ਰੇਮ-ਤਾਰਾਂ ਦੀ ਜਾਣੂ ਮਾਈ, ਇਕ ਬਿਜਲੀ ਵਾਲੀ ਤਰਬ ਨਾਲ ਦਾਸ ਦੀ ਓਰ ਮੁਖਾਰਬਿੰਦ ਕਰ ਕੇ ਉਠ ਖਲੋਤੀ......ਮੈਂ ਪੇਖਤ ਹੀ ਪੁਨੀਤ ਹੋ ਗਿਆ ਅਤੇ ਦਰਸ ਭੇਟ ਹੋਣ-ਸਾਰ ਹੀ ਨਾਮ ਦਾ ਖੰਡਾ ਜ਼ੋਰੋ ਜ਼ੋਰ ਖੜਕਣ ਲਗ ਪਿਆ।


www.AKJ.Org

ਜੇਲ੍ਹ -ਚਿੱਠੀਆਂ ਦੇ ਦੂਜੇ ਭਾਗ ਵਿਚ ਇੱਕੀ ਚਿੱਠੀਆਂ ਹਨ, ਜਿਨ੍ਹਾਂ ਰਾਹੀਂ ਮਹਾਨ ਲੇਖਕ ਨੇ ਆਪਣੀ ਜੀਵਨ-ਕਹਾਣੀ ਵਿਚੋਂ ਤਸੀਲਦਾਰੀ ਦੇ ਸਮੇਂ ਵਾਪਰੇ ਕਈ ਆਤਮਕ ਚਮਤਕਾਰ, ਅੰਮ੍ਰਿਤ ਛਕਣ ਦੀ ਵਿਥਿਆ ਅਤੇ ਦੇਸ਼ ਦੀ ਅਜ਼ਾਦੀ ਲਈ ਵੱਖ ਵੱਖ ਜੇਲ੍ਹਾਂ ਵਿਚ ਝੱਲੇ ਅਕਹਿ ਤੇ ਅਸਹਿ ਤਸੀਹਿਆਂ ਦਾ ਹਾਲ, ਲੂੰ-ਕੰਡੇ ਖੜੇ ਕਰ ਦੇਣ ਵਾਲੀ ਬੋਲੀ ਵਿਚ ਲਿਖਿਆ ਹੈ। ਤੀਜੇ ਭਾਗ ਵਿਚ ਆਈਆਂ ਕਈ ਘਟਨਾਵਾਂ, ਕਾਫ਼ੀ ਹੱਦ ਤਕ ਦੇ ਸਮਾਚਾਰਾਂ ਦਾ ਵਿਸਥਾਰ ਹਨ। ਪਿਛਲੇਰੇ ਹਿੱਸੇ ਵਿਚ ਚਿੱਠੀਆਂ ਰਾਹੀਂ ਜੀਵਨ-ਵਾਰਤਾ ਸੁਣਾਉਣ ਵਾਲੀ ਸ਼ੈਲੀ ਉਤਮ-ਪੁਰਖ ਤੋਂ ਅਨਯ ਪੁਰਖ ਵਿਚ ਬਦਲ ਕੇ ਇਤਿਹਾਸ ਹੋ ਜਾਂਦੀ ਹੈ, ਪਰ ਨਾਟਕੀ ਰਸ ਉਸ ਵਿਚ ਵੀ ਘੱਟ ਨਹੀਂ।

ਪਿਛਲੇ ਦੋਹਾਂ ਭਾਗਾਂ ਦੀ ਵਾਰਤਕ ਪੜ੍ਹ ਕੇ ਭਾਈ ਸਾਹਿਬ ਦੇ ਦੇਸ਼-ਪਿਆਰ, ਸਿੱਖੀ ਸਿਦਕ ਅਤੇ ਅਦੁੱਤੀ ਨਾਮ-ਅਭਿਆਸ ਦਾ ਪਤਾ ਲਗਦਾ ਹੈ। ਗੁਰਮਤਿ ਦਾ ਰਹੱਸਵਾਦ ਅਣਦਿਸਦੇ-ਬ੍ਰਹਮ ਨਾਲ ਅਭੇਦ ਹੋਣ ਲਈ ਦਿਸਦੇ-ਬ੍ਰਹਿਮੰਡ ਨਾਲੋਂ ਨਾਤਾ ਨਹੀਂ ਤੋੜਦਾ, ਸਗੋਂ ਦਿਸਦੇ ਨੂੰ ਅਣ-ਦਿਸਦੇ ਦਾ ਵਰਾਟ-ਸਰੂਪ ਜਾਣ ਕੇ ਇਸ ਤੋਂ ਕੁਰਬਾਨ ਹੋ ਜਾਂਦਾ ਹੈ। ਸੋ ਗੁਰਮਤਿ ਦਾ ਰਹੱਸਵਾਦ ਦੋ-ਪੱਖੀ ਹੈ। ਆਤਮਕ ਰਹੱਸ ਤੋਂ ਬਿਨਾਂ ਇਸ ਦਾ ਸਮਾਜਕ ਅਰਥ ਭੀ ਬਹੁਤ ਡੂੰਘਾ ਹੈ। ਸਮਕਾਲੀ ਸਿੱਖ ਆਗੂਆਂ ਜਾਂ ਗੁਰਮਤਿ ਦੇ ਖੋਜੀਆਂ ਵਿਚੋਂ ਸ਼ਾਇਦ ਹੀ ਕਿਸੇ ਵਿਚ ਇਹ ਦੋਵੇਂ ਗੁਣ ਇਕੋ ਜਿਹੇ ਉਜਾਗਰ ਹੋਣ, ਕੋਈ ਨਾਮ-ਅਭਿਆਸ ਰਾਹੀਂ 'ਨਾਮੀ' ਨਾਲ ਅਭੇਦ ਹੋਣ ਦਾ ਪਰਚਾਰ ਕਰਦਾ ਹੈ, ਪਰ ਸਮਾਜ ਵਿਚ ਪਸਰੇ ਹਨੇਰੇ ਵਲੋਂ ਅੱਖੀਆਂ ਮੀਟੀ ਬੈਠਾ ਹੈ। ਕੋਈ ਸਮਾਜ-ਸੁਧਾਰ ਦਾ ਨਾਅਰਾ ਮਾਰ ਕੇ ਜੁਗ-ਗਰਦੀ ਲਈ ਪ੍ਰੇਰਦਾ ਰਿਹਾ ਹੈ, ਪਰ ਆਤਮਾਂ ਨਾਲੋਂ ਟੁਟਿਆਂ ਸੁਧਾਰ ਚਿਰ-ਸਥਾਈ ਸਾਬਤ ਨਹੀਂ ਹੁੰਦਾ। ਪਲ ਦੀ ਪਲ ਦੂਧੀਆਂ-ਧੂੰਏਂ ਵਾਂਗ ਚਾਨਣ ਕਰ ਕੇ ਅਲੋਪ ਹੋ ਜਾਂਦਾ ਹੈ। ਭਾਈ ਰਣਧੀਰ ਸਿੰਘ ਜੀ ਦਾ ਜੀਵਨ-ਧੁਰਾ ਬੇਸ਼ਕ ਨਾਮ-ਅਭਿਆਸ ਸੀ, ਪਰ ਕੀ ਜੇਲ੍ਹ ਦੀ ਚਾਰ ਦੀਵਾਰੀ ਵਿਚ ਤੇ ਕੀ ਜੇਲ੍ਹ ਤੋਂ ਬਾਹਰ, ਦੇਸ਼ ਦੇ ਧਾਰਮਕ, ਸਮਾਜਕ ਅਤੇ ਰਾਜਸੀ ਖੇਤਰ ਵਿਚ, ਜਿੱਥੇ ਕਿਤੇ ਭੀ ਆਪ ਨੇ ਝੂਠ, ਕਪਟ, ਜ਼ੁਲਮ ਅਤੇ ਬੇਇਨਸਾਫ਼ੀ ਵਰਗੇ ਔਗਣ ਵੇਖੇ, ਆਪ ਨੇ ਜ਼ੋਰਦਾਰ ਅਵਾਜ਼ ਰਾਹੀਂ ਉਹਨਾਂ ਦੀ ਨਿਖੇਧੀ ਕੀਤੀ।

ਭਾਈ ਸਾਹਿਬ ਨੂੰ ਉਮਰ-ਕੈਦ ਦੇ ਸਿਲਸਿਲੇ ਵਿਚ ਭਾਰਤ ਦੀਆਂ ਕਈ ਜੇਲ੍ਹਾਂ ਵਿਚ ਬੰਦ ਰਹਿ ਕੇ ਬਦੇਸ਼ੀ ਹਕੂਮਤ ਦੇ ਤਸੀਹੇ ਸਹਿਣੇ ਪਏ। ਬਦੇਸ਼ੀ ਹਾਕਮਾਂ ਦੇ ਸੁਦੇਸ਼ੀ ਕਰਮਚਾਰੀ ਆਪਣੇ ਦੇਸ਼-ਵਾਸੀਆਂ ਉਤੇ ਘੋਰ ਜ਼ੁਲਮ ਢਾਹੁੰਦੇ ਸਨ। ਕਿਉਂਕਿ ਇਸ ਲੇਖ ਦਾ ਵਿਸ਼ਾ ਕੇਵਲ ਭਾਈ ਰਣਧੀਰ ਸਿੰਘ ਜੀ ਤਕ ਸੀਮਤ ਹੈ, ਇਸ ਲਈ ਜੋ ਤਸੀਹੇ ਭਾਈ ਸਾਹਿਬ ਨੂੰ ਝਲਣੇ ਪਏ, ਉਹਨਾਂ ਵਿਚੋਂ ਕੁਝ-ਇਕ ਦਾ ਵਰਣਨ ਜ਼ਰੂਰੀ ਹੈ:-

(ੳ) ਇਕੋ ਵਕਤ ਇਕੋ ਦਮ ਕਈ ਕਈ ਸਜ਼ਾਵਾਂ ਇੱਕਠੀਆਂ ਦਿੱਤੀਆਂ ਜਾਂਦੀਆਂ। ਮੁਲਤਾਨ ਦੀ ਅੱਤ ਕਰੜੀ ਗਰਮੀ ਪੈਂਦੀ ਵਿਚ ਦਰੱਖ਼ਤਾਂ ਨਾਲ ਖੜੀਆਂ ਹੱਥ-ਕੜੀਆਂ ਦਿੱਤੀਆਂ ਗਈਆਂ। ਬੇੜੀ (barfetters) ਅਲੱਗ ਹੈ ਤੇ ਡੰਡਾ (cross bar) ਭੀ ਨਾਲ ਲੱਗਾ ਹੋਇਆ ਹੈ। ਸਾਥ ਹੀ ਟਾਟ-ਵਰਦੀ ਦੀ ਸਜ਼ਾ ਭੀ ਹੈ। ਉੱਪਰੋਂ ਸਰੀਰ ਕਮਜ਼ੋਰ, ਪਈਆਂ ਨਕਸੀਰਾਂ ਜਾਂਦੀਆਂ ਹਨ। ਹੱਥ ਬੰਨ੍ਹੇ ਹੋਏ, ਪਰਛਾਵੇਂ ਢਲਣ ਪਰ ਧੁੱਪ ਆ ਜਾਣ ਕਰਕੇ ਹੱਥ-ਕੜੀਆਂ ਧੁੱਪ ਨਾਲ ਅੱਗ ਤਪ ਰਹੀਆਂ ਹਨ। ਲਹੂ ਲੁਹਾਣ, ਘੰਟਿਆਂ ਪ੍ਰਯੰਤ ਧੁੱਪੇ ਖੜੇ ਦਿਨ ਬਤੀਤ ਹੋ ਜਾਂਦਾ ਹੈ। ਕੋਈ ਪੁਛਦਾ ਤਕ ਨਹੀਂ। ਪਾਣੀ ਪੀਣ ਵਾਸਤੇ ਤੇ ਲਹੂ (ਨਕਸੀਰ ਦਾ) ਧੋਣ ਵਾਸਤੇ ਭੀ ਕੋਈ ਹੱਥਕੜੀ ਨਹੀਂ ਖੋਲ੍ਹਦਾ।

(ਅ) ਦਾਸ ਨੂੰ ਫ਼ਾਂਸੀ-ਕੋਠੀ ਵਿਚ ਬੰਦ ਕਰ ਦਿੱਤਾ।

(ੲ) ਸਭ ਨੇ ਰਲ ਕੇ ਓੜਕ ਮੈਨੂੰ ਸਿੱਟ ਲਿਆ ਤੇ ਸੀਸ ਪੱਕੀ ਦੀਵਾਰ ਨਾਲ ਪਟਕਾ ਦਿੱਤਾ। ਮੈਂ ਬੇਦਮ ਅੱਗੇ ਹੀ ਹੋ ਚੁੱਕਾ ਸਾਂ, ਸੀਸ 'ਤੇ ਸੱਟ ਲਗਣ ਨਾਲ ਬੇਹੋਸ਼ ਹੋ ਗਿਆ।

(ਸ) ਹੱਥਕੜੀ ਲਾ ਲਈ ਤੇ ਅੱਛੀ ਤਰ੍ਹਾਂ ਜਕੜ ਕੇ ਮੇਰੇ ਮੂੰਹ ਵਿਚ ਲਕੜੀ ਦਾ ਲਗਾਮ ਦਿੱਤਾ ਗਿਆ ਤੇ ਰਬੜ ਨਲਕੀ ਅੰਦਰ ਧੱਕ ਕੇ ਦੁੱਧ ਅੰਦਰ ਪੁਚਾਉਣ ਲੱਗੇ।

(ਹ)ਪਾਪੀਆਂ ਨੇ ਗੱਚ ਖਾ ਕੇ ਮੇਰਾ ਸੀਸ ਥਪੇੜੇ ਨਾਲ



www.AKJ.Org

ਪਟਕਾ ਮਾਰਿਆਂ, ਸਿਰ ਪਟਕਦੇ-ਸਾਰ ਹੀ ਲਗਾਮ ਮੂਹੰ ਵਿਚ ਨਿਕਲ ਗਿਆ। ਪਰ ਰਬੜ ਦੀ ਨਲਕੀ ਅੰਦਰ ਹੀ ਅੜੀ ਰਹੀ। ਮੈਨੂੰ ਗ਼ਸ਼ੀ ਤਾਂ ਪੈ ਗਈ ਪਰ ਸੁਆਸ ਹੇਠਾਂ ਉਤਰ ਆਏ ਤੇ ਦੰਦਲ ਪੈ ਗਈ। ਅਜਿਹੇ ਦੰਦ ਜੁੜੇ, ਕਿ ਖੁਲ੍ਹਣ ਹੀ ਨਾ।.............ਸੁਪ੍ਰੰਟੈਂਡੰਟ ਨੇ ਹੁਕਮ ਦਿੱਤਾ ਕਿ ਇਸ ਦੇ ਦੰਦ ਨਿਸ਼ੰਗ ਤੋੜ ਦਿਓ। (ਕ) ਮੇਰੀ ਦਾੜ੍ਹੀ ਖਿੱਚੀ ਗਈ ਤੇ ਕੇਸ ਪੁੱਟੇ ਗਏ ਅਤੇ ਲੱਤਾਂ-ਮੁਕੀਆਂ ਦੀ ਮਾਰ ਨਾਲ ਅਧਮੋਇਆਂ ਕਰ ਕੇ ਮੈਨੂੰ ਸਿੱਟ ਗਏ........ਤੀਜੇ ਦਿਨ ਕੁੱਠਾ ਗਊ-ਮਾਸ ਦਾ ਅਰਕ ਤੇ ਬਿਖਿਆ (ਤਮਾਕੂ) ਆਦਿਕ ਲਿਆ ਕੇ ਅੱਗੇ ਰਖਿਆ ਗਿਆ ਕਿ ਰੋਟੀ ਖਾਓ (ਭੁੱਖ-ਹੜਤਾਲ ਤੁੜਵਾਉਣਾ ਚਾਹੁੰਦੇ ਸਨ) ਨਹੀਂ ਤਾਂ ਇਹ ਚੀਜਾਂ ਤੈਨੂੰ ਮੱਲੋ-ਮੱਲੀ ਖੁਆਈਆਂ ਜਾਣਗੀਆਂ ਤੇ ਤੇਰੇ ਕੇਸ ਕਟੇ ਜਾਣਗੇ ਤੇ ਤੈਨੂੰ ਪਾਗ਼ਲਖਾਨੇ ਭੇਜਿਆ ਜਾਊ।

ਸਿੱਖੀ-ਮਾਰਗ ਨੂੰ ਖੰਡਿਓਂ ਤਿੱਖਾ ਤੇ ਵਾਲੋਂ ਨਿੱਕਾ ਮਾਰਗ ਮੰਨਿਆ ਜਾਂਦਾ ਹੈ। ਫ਼ਰੁਖ਼ਸੀਅਰ ਅਤੇ ਮੀਰ-ਮੰਨੂੰ ਦੇ ਸਮੇਂ ਸਿੱਖਾਂ ਉਤੇ ਜ਼ੁਲਮ ਦੀ ਦਾਤਰੀ ਚਲਦੀ ਵੇਖ ਕੇ, ਪੰਜਾਬ ਦਾ ਇਤਿਹਾਸ ਰੋ ਪਿਆ ਸੀ। ਜੇ ਉਹ ਜ਼ੁਲਮ ਧਾਰਮਕ ਜਨੂੰਨ ਵਿਚ ਅੰਨ੍ਹੇ ਬਾਦਸ਼ਾਹਾਂ ਨੇ ਕੀਤੇ ਸਨ, ਤਾਂ ਸਭਯ ਅਤੇ ਅਗ਼ਿਰਕੂ ਅਖਵਾਉਣ ਵਾਲੇ ਅੰਗ੍ਰੇਜ਼ ਹਾਕਮਾਂ ਨੇ ਕਿਹੜਾ ਘੱਟ ਗੁਜ਼ਾਰੀ ਸੀ। ਮੌਤ ਦੇ ਮੂੰਹ ਵਿਚ ਸਿੱਖੀ ਸਿਦਕ 'ਕੇਸਾਂ ਸੁਆਸਾਂ ਸੰਗ' ਨਿਬਾਹੁਣ ਵਾਲੀ ਰਵਾਇਤ ਨੂੰ ਆਧੁਨਿਕ ਯੁਗ ਵਿਚ ਭਾਈ ਸਾਹਿਬ ਨੇ ਸੁਰਜੀਤ ਕਰ ਵਿਖਾਇਆ ਹੈ। 'ਗੁਰਮਤਿ ਬਿਬੇਕ' ਵਿਚ ਸਿੱਖੀ ਰਹਿਤ-ਮਰਯਾਦਾ ਦੀ ਕਰੜੀ ਨਿਮਾਵਲੀ ਪੇਸ਼ ਕਰਨ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਜੀ ਨੇ ਗੁਰਮਤਿ ਰਹਿਣੀ ਨੂੰ ਜੀਵਨ ਵਿਚ ਧਾਰਨ ਕਰ ਕੇ ਬੇਮਿਸਾਲ ਮਿਸਾਲ ਕਾਇਮ ਕੀਤੀ ਹੈ। ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਤਸੀਹੇ ਸਹਿੰਦਿਆਂ, ਭੁੱਖਾਂ ਕੱਟਦਿਆਂ ਅਤੇ ਪਾਲੇ ਝਾਗਦਿਆਂ ਭੀ ਆਪ ਨੇ ਨਾਮ-ਅਭਿਆਸ ਨਹੀਂ ਛੱਡਿਆ। ਇਸ ਦੇ ਉਲਟ ਇਹ ਕਹਿਣਾ ਠੀਕ ਹੋਵੇਗਾ ਕਿ ਨਾਮ-ਅਭਿਆਸ ਰਾਹੀਂ ਸਭ ਦੁਖ ਤੇ ਤਸੀਹੇ ਆਪ ਨੇ ਹੱਸਦਿਆਂ ਝੱਲ ਲਏ ਅਤੇ ਜੇਲ੍ਹ ਦੀ ਇਕਲਤਾ ਵਿਚ 'ਜੋਤਿ ਵਿਗਾਸ' ਲਈ ਆਪ ਦੀ ਬਿਰਤੀ ਵਧੇਰੇ ਇਕਾਗਰ ਹੋ ਗਈ।

ਦੇਸ਼-ਪਿਆਰ ਅਤੇ ਸਿੱਖੀ ਸਿਦਕ ਤੋਂ ਬਿਨਾਂ 'ਜੇਲ੍ਹ ਚਿੱਠੀਆਂ' ਭਾਈ ਸਾਹਿਬ ਦੀ ਸ਼ਖ਼ਸੀਅਤ ਅਤੇ ਆਚਾਰ ਬਾਰੇ ਹੇਠ ਲਿਖੇ ਭੇਤ ਖੋਲ੍ਹਦੀਆਂ ਹਨ:-

(ੳ) ਆਮ ਰਾਜਸੀ ਕੈਦੀਆਂ ਨਾਲੋਂ ਹਕੂਮਤ ਅਤੇ ਹਕੂਮਤ ਦੇ ਕਰਮਚਾਰੀਆਂ ਦੇ ਛਲ, ਕਪਟ ਅਤੇ ਜ਼ੁਲਮਾਂ ਵਿਚ 'ਸੱਚ ਕੀ ਬੇਲਾ' ਸੱਚ ਸੁਣਾ ਸਕਣ ਦੀ ਦਲੇਰੀ। ਮੁਲਤਾਨ, ਹਜ਼ਾਰੀ ਬਾਗ, ਰਾਜਮੰਦਰੀ, ਨਾਗਪੁਰ ਅਤੇ ਲਾਹੌਰ ਵਰਗੀਆਂ ਜੇਲ੍ਹਾਂ ਵਿਚ; ਜਿਥੇ ਅਫਸਰਾਂ ਨੂੰ 'ਸਲਾਮ' ਨਾ ਆਖਣ ਦੇ ਜੁਰਮ ਵਿਚ ਬੈਂਤਾਂ ਦੀ ਸਜ਼ਾ ਹੋ ਸਕਦੀ ਹੈ। ਭਾਈ ਸਾਹਿਬ ਨੇ ਵੱਡੇ ਤੋਂ ਵੱਡੇ ਜੇਲ੍ਹ-ਅਫ਼ਸਰ, ਇਨਸਪੈਕਟਰ ਜਨਰਲ, ਸੁਪ੍ਰੰਟੈਂਡੰਟ-ਜੇਲ੍ਹ ਅਤੇ ਜੇਲ੍ਹਰ, ਸਭ ਦੇ ਮੂੰਹਾਂ ਉਤੇ ਉਹਨਾਂ ਦੇ ਪਾਪ ਦੱਸਣ ਦੀ ਦਲੇਰੀ ਵਿਖਾਈ। ਆਪ ਦੇ ਚਟਾਨ ਵਰਗੇ ਆਚਾਰ ਨਾਲ ਵੱਡੀ ਤੋਂ ਵੱਡੀ ਧਮਕੀ ਟੱਕਰਾ ਕੇ ਚੂਰ ਚੂਰ ਹੋ ਗਈ। ਰਾਜਸੀ ਕੈਦੀਆਂ ਤੋਂ ਬਿਨਾਂ ਇਖ਼ਲਾਕੀ ਕੈਦੀਆਂ ਉਤੇ ਜ਼ੁਲਮ ਹੁੰਦਾ ਵੇਖ ਕੇ ਭੀ ਆਪ ਬਗ਼ਾਵਤ ਕਰ ਉਠਦੇ ਸਨ। ਸੱਚਾਈ ਅਤੇ ਇਨਸਾਫ਼ ਲਈ ਆਪ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦੇ ਸਨ। ਇਹਨਾਂ ਸਿਫ਼ਤਾਂ ਕਰਕੇ ਰੱਬੀ ਰੰਗ ਵਿਚ ਰੰਗੇ ਹੋਣ ਕਰਕੇ, ਜੇਲ੍ਹ-ਅਫ਼ਸਰ ਅੰਦਰੋਂ ਅਤੇ ਛੋਟੇ ਜੇਲ੍ਹ-ਕਰਮਚਾਰੀ ਬਾਹਰੋਂ ਭੀ ਆਪ ਦੀ ਸ਼ਖ਼ਸੀਅਤ ਅੱਗੇ ਸਿਰ ਝੁਕਾਉਂਦੇ ਸਨ। ਇਹ ਮਾਣ ਸ਼ਾਇਦ ਹੀ ਕਿਸੇ ਰਾਜਸੀ ਕੈਦੀ ਨੂੰ ਪਰਾਪਤ ਹੋਇਆ ਹੋਵੇ ਕਿ ਜੇਲ੍ਹ-ਕਰਮਚਾਰੀ ਜਿਸ ਕੈਦੀ ਉਤੇ ਜ਼ੁਲਮ ਕਰਨ, ਜੇਲ੍ਹ-ਕਰਮਚਾਰੀਆਂ ਦੇ ਪਰਵਾਰ ਉਸ ਕੈਦੀ ਲਈ ਅੱਥਰੂ ਕੇਰਨ।

(ਅ) ਆਪ ਦੀ ਸ਼ਖ਼ਸੀਅਤ ਵਿਚ ਕੋਈ ਅਲੌਕਿਕ ਖਿੱਚ ਸੀ, ਜੋ ਜ਼ਾਲਮ ਅਫ਼ਸਰਾਂ, ਪੱਥਰ-ਦਿਲ ਜੱਲਾਦਾਂ ਅਤੇ ਇਨਕਲਾਬੀ ਦੇਸ਼-ਭਗਤਾਂ ਨੂੰ ਕੀਲ ਲੈਂਦੀ ਸੀ। ਇਹ ਖਿੱਚ ਨਾਮ-ਅਭਿਆਸ ਦੁਆਰਾ ਮਨ ਦੀ ਇਕਾਗਰਤਾ, ਵਿਚਾਰਾਂ ਦੀ ਸਪੱਸ਼ਟਤਾ ਅਤੇ ਸੱਚ ਨੂੰ ਨਿਰਛਲ ਆਖ ਸਕਣ ਦੀ ਦਲੇਰੀ ਵਿਚੋਂ ਉਗਮੀ ਜਾਪਦੀ ਹੈ। ਕਾਲ-ਕੋਠੜੀ ਵਿਚ ਆਪ ਨੂੰ ਧਿਆਨ-ਮਗਨ ਵੇਖ ਕੇ ਜੇਲ੍ਹ ਸੁਪ੍ਰੰਟੈਂਡੰਟ ਡਰ ਗਿਆ। ਈਸਾਈ ਪਾਦਰੀ ਉਸ ਕਾਲ-ਕੋਠੜੀ ਦੀ ਇਕੱਲ ਵਿਚ ਦੋ ਘੰਟੇ ਨਾ ਕੱਟ ਸਕਿਆ, ਜਿਸ ਕੋਠੜੀ ਵਿਚ ਭਾਈ ਸਾਹਿਬ ਨੇ ਨਾਮ ਦੇ ਸਹਾਰੇ



www.AKJ.Org

ਕਈ ਵਰ੍ਹੇ ਖਿੜੇ ਮੱਥੇ ਬਿਤਾਏ। ਭਗਤ ਸਿੰਘ ਸ਼ਹੀਦ ਵਰਗਾ ਮਹਾਨ ਦੇਸ਼-ਭਗਤ, ਕੇਸ ਕਤਲ ਕਰਾਉਣ ਬਾਰੇ ਆਪ ਦੀ ਕਰੜੀ ਆਲੋਚਨਾ ਅੱਗੇ ਨਾ ਖਲੋ ਸਕਿਆ ਅਤੇ ਆਪ ਦੇ ਪ੍ਰਭਾਵ ਹੇਠ ਫਾਂਸੀ ਹੋਣ ਤੋਂ ਕੁਝ ਦਿਨ ਪਹਿਲਾਂ ਮੁੜ ਕੇਸ ਧਾਰਨ ਕਰ ਲਏ। ਮਾ: ਮੋਤਾ ਸਿੰਘ, ਸੰਤ ਅਤਰ ਸਿੰਘ ਜੀ, ਕਰਤਾਰ ਸਿੰਘ ਸਰਾਭਾ, ਅਕਾਲੀ ਕੌਰ ਸਿੰਘ ਅਤੇ ਮਹਾਰਾਜਾ ਨਾਭਾ ਤਕ, ਜੋ ਭੀ ਆਪ ਨੂੰ ਮਿਲਿਆ, ਆਪ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ।

(ੲ) ਗੁਰਬਾਣੀ ਅਤੇ ਗੁਰਮਤਿ ਦੀ ਖੋਜ ਕਰ ਕੇ ਪੁਸਤਕਾਂ ਲਿਖਣ ਦੀ ਪ੍ਰੇਰਨਾ ਭੀ ਆਪ ਨੂੰ ਜੇਲ੍ਹ ਵਿਚ ਹੀ ਹੋਈ। ਕਈ ਪੁਸਤਕਾਂ, ਜਿਵੇਂ 'ਗੁਰਮਤਿ ਬਿਬੇਕ' ਅਤੇ ਜੇਲ੍ਹ-ਚਿੱਠੀਆਂ (ਖ਼ਾਸ ਕਰਕੇ ਪਹਿਲੇ ਦੋ ਭਾਗ) ਦੇ ਖਰੜੇ ਜੇਲ੍ਹ-ਯਾਤਰਾ ਸਮੇਂ ਤਿਆਰ ਹੋਏ ਜਾਪਦੇ ਹਨ। 'ਜੇਲ੍ਹ-ਚਿੱਠੀਆਂ' ਦੇ ਤੀਜੇ ਭਾਗ ਵਿਚ ੪੪ ਸਿੱਖ ਕੈਦੀਆਂ ਦੇ ਅਣਗਿਣਤ ਪਾਠਾਂ ਦਾ ਨਕਸ਼ਾ ਦਿੱਤਾ ਗਿਆ ਹੈ। ਉਹਨਾਂ ਪਾਠਾਂ ਵਿਚ ਜਪੁਜੀ, ਸ਼ਬਦ ਹਜ਼ਾਰੇ, ਜਾਪੁ ਸਾਹਿਬ, ਹਜ਼ਾਰੇ ਪਾਤਸ਼ਾਹੀ ੧੦, ੨੦ ਸਵੱਯੈ, ੩੩ ਸਵੱਯੇ, ਆਸਾ ਦੀ ਵਾਰ, ਛੱਕੇ, ਅਨੰਦ ਸਾਹਿਬ, ਸੁਖਮਨੀ, ਬਾਵਨ ਅੱਖਰੀ, ਓਅੰਕਾਰ, ਸਿਧ ਗੋਸਟਿ, ਬਾਰਾਂਮਾਹਾ ਮਾਝ, ਬਾਰਾਂਮਾਹ ਤੁਖਾਰੀ, ਜੈਤਸਰੀ ਦੀ ਵਾਰ, ਵਾਰ ਮਾਰੂ ਡੱਖਣੇ, ਦਿਨ ਰੈਣ, ਸੁਹਾਗਣਿ, ਦੁਹਾਗਣਿ, ਗੁਣਵੰਤੀ, ਬਿਰਹੜੇ, ਕਰਹਲੇ, ਰਹਿਰਾਸ, ਸਵੱਯੇ ਭੱਟਾਂ ਦੇ, ਅਕਾਲ ਉਸਤਤ, ਸਿਰੀ ਅਕਾਲ ਜੀ ਕੀ ਉਸਤਤ, ਬਚਿਤ੍ਰ ਨਾਟਕ, ਗਿਆਨ ਪਰਬੋਧ, ਰਹਿਰਾਸ, ਕੀਰਤਨ ਸੋਹਿਲਾ, ਸਲੋਕ ਫਰੀਦ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਯੇ, ਗ਼ਜ਼ਲਾਂ ਅਤੇ ਜ਼ਿੰਦਗੀਨਾਮਾ ਭਾਈ ਨੰਦ ਲਾਲ ਬਾਰੇ ਦਸਿਆ ਗਿਆ ਹੈ, ਕਿ ਉਪਰੋਕਤ ਸਭ ਬਾਣੀਆਂ ਕਈ ਸਾਥੀਆਂ ਨੂੰ ਕੰਠ ਹੋ ਚੁਕੀਆਂ ਸਨ। ਜੇ ਭਾਈ ਸਾਹਿਬ ਦੀ ਸੰਗਤ ਨਾਲ ੪੪ ਸਿੱਖ ਕੈਦੀਆਂ ਨੂੰ ਇਤਨੀ ਬਾਣੀ ਕੰਠ ਹੋ ਸਕਦੀ ਸੀ ਤਾਂ ਭਾਈ ਸਾਹਿਬ ਬਾਰੇ ਇਹ ਗੱਲ ਨਿਸਚੇ ਨਾਲ ਆਖੀ ਜਾ ਸਕਦੀ ਹੈ ਕਿ ਆਪ ਨੂੰ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੀ ਬਾਣੀ ਤੋਂ ਬਿਨਾਂ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਰਚਿਤ ਵਾਰਾਂ, ਕਬਿੱਤ ਸਵੱਯੇ ਅਤੇ ਗਜ਼ਲਾਂ ਦਾ ਪੂਰਾ ਗਿਆਨ ਸੀ। ਇਸੇ ਗਿਆਨ ਸਦਕਾ ਭਾਈ ਸਾਹਿਬ ਨੇ ਜੇਲ੍ਹ ਤੋਂ ਰਿਹਾਈ ਮਿਲਦਿਆਂ ਹੀ ਗੁਰਬਾਣੀ ਅਤੇ ਗੁਰਮਤਿ-ਖੋਜ ਦੀਆਂ ਪੁਸਤਕਾਂ ਦਾ ਹੜ੍ਹ ਵਗਾ ਦਿੱਤਾ ਤੇ ਗੁਰਪੁਰੀ ਸਿਧਾਰਨ ਤਕ ਉਹ ਦੋ ਦਰਜਨ ਦੇ ਲਗ ਪਗ ਪੁਸਤਕਾਂ, ਪੰਜਾਬੀ ਪਾਠਕਾਂ ਨੂੰ ਦੇ ਚੁੱਕੇ ਸਨ।

(ਸ) ਉਪਰ ਦੱਸੇ ੪੪ ਗੁਰਸਿੱਖਾਂ ਦੀ ਸੰਗਤ ਵਿਚ ਭਾਈ ਸਾਹਿਬ ਨੇ ਗੁਰਬਾਣੀ ਦੇ ਪਾਠਾਂ ਦਾ ਜਿਹੜਾ ਪਰਵਾਹ ਚਲਾਇਆ ਸੀ, ਉਹ ਪਰਵਾਹ ਜੇਲ੍ਹ ਵਿਚੋਂ ਰਿਹਾਈ ਮਿਲਣ ਪਿਛੋਂ ਭੀ ਟੁਰਦਾ ਰਿਹਾ। ਭਾਈ ਸਾਹਿਬ ਨੇ 'ਅਖੰਡ-ਕੀਰਤਨੀ-ਜੱਥਾ' ਬਣਾ ਕੇ ਪੰਜਾਬ ਦੇ ਘਰ ਘਰ ਵਿਚ ਅਖੰਡਪਾਠਾਂ ਦਾ ਪਰਵਾਹ ਚਲਾ ਦਿੱਤਾ। ਉਹਨਾਂ ਦੇ ਜੱਥੇ ਰਾਹੀਂ ਅੰਮ੍ਰਿਤ-ਪਰਚਾਰ ਭੀ ਖ਼ੂਬ ਹੋਇਆ ਤੇ ਅਖੰਡ-ਕੀਰਤਨ ਅਜੇ ਤਕ ਵਾਯੂ-ਮੰਡਲ ਵਿਚ ਗੂੰਜ ਰਿਹਾ ਹੈ। ਸੋ ਗੁਰਬਾਣੀ ਦੀ ਖੋਜ ਅਤੇ ਗੁਰਮਤਿ ਦੇ ਪਰਚਾਰ ਦਾ ਪ੍ਰੋਗ੍ਰਾਮ ਜੇਲ੍ਹ ਦੀਆਂ ਦੀਵਾਰਾਂ ਅੰਦਰ ਹੀ ਬਣ ਚੁਕਾ ਸੀ।

ਇਤਿਹਾਸਕ ਦ੍ਰਿਸ਼ਟੀ ਤੋਂ ਭਾਈ ਸਾਹਿਬ ਦੀਆਂ ਜੇਲ੍ਹ ਚਿੱਠੀਆਂ ਸੁੰਤਤਰਤਾ-ਲਹਿਰ, ਖ਼ਾਸ ਕਰਕੇ ਗੁਰਦੁਆਰਾ ਸੁਧਾਰ-ਲਹਿਰ ਅਤੇ ਗ਼ਦਰ ਪਾਰਟੀ ਲਹਿਰ ਦੀਆਂ ਮੂੰਹ-ਬੋਲਦੀਆਂ ਤਸਵੀਰਾਂ ਹਨ। ਧਾਰਮਕ ਦ੍ਰਿਸ਼ਟੀ ਤੋਂ ਇਹ ਚਿੱਠੀਆਂ ਸਿੱਖ ਲੀਡਰਾਂ ਅਤੇ ਧਾਰਮਕ ਆਗੂਆਂ ਦੀਆਂ ਧੂੰਏਂਧਾਰ-ਤਕਰੀਰਾਂ ਨਾਲੋਂ ਹਜ਼ਾਰਾਂ ਗੁਣਾ ਵੱਧ ਪ੍ਰਭਾਵ ਪਾਉਂਦੀਆਂ ਹਨ। ਸਾਹਿੱਤਕ ਦ੍ਰਿਸ਼ਟੀ ਤੋਂ ਇਹਨਾਂ ਰਾਹੀਂ ਬਹੁਤ ਸੁੰਦਰ ਵਾਰਤਕ ਸਾਡੇ ਸਾਹਮਣੇ ਆਈ ਹੈ। ਸ੍ਵੈ-ਜੀਵਨੀ ਵਿਚੋਂ ਤਿੱਖੀ ਚੁੰਜ ਵਾਲੀਆਂ ਘਟਨਾਵਾਂ ਦੀ ਚੋਣ ਅਤੇ ਉਹਨਾਂ ਦਾ ਨਾਟਕੀ-ਵਰਣਨ, ਸ਼ੁੱਧ, ਸਰਲ ਅਤੇ ਜਜ਼ਬੇ-ਗੁੱਧੀ ਬੋਲੀ, ਇਸ ਵਾਰਤਕ ਨੂੰ ਲੋਕ-ਪ੍ਰਿਯ ਬਣਾਉਂਦੇ ਹਨ। ਬੇਸ਼ਕ ਭਾਈ ਸਾਹਿਬ ਦੀਆਂ ਬਹੁਤੀਆਂ ਰਚਨਾਵਾਂ ਦੀ ਬੋਲੀ ਠੇਠ ਅਤੇ ਲਿਖਣ-ਸ਼ੈਲੀ ਸਰਲ ਹੈ, ਪਰ ਬਾਕੀ ਰਚਨਾਵਾਂ ਵਿਚ ਗੁਰਮਤਿ ਅਤੇ ਗੁਰਬਾਣੀ ਦੀ ਵਿਆਖਿਆ ਹੋਣ ਕਰਕੇ, ਗੁਰਬਾਣੀ ਦੀ ਸ਼ਬਦਾਵਲੀ ਦਾ ਪ੍ਰਭਾਵ ਬਹੁਤ ਸੰਘਣਾ ਹੋ ਗਿਆ ਹੈ। 'ਜੇਲ੍ਹ ਚਿੱਠੀਆਂ ਦਾ ਵਿਸ਼ਾ ਸੰਪਰਦਾਇਕ ਹੱਦਾਂ ਲੰਘ ਕੇ ਜ਼ੰਜੀਰਾਂ ਜਕੜੀ ਮਨੁੱਖਤਾ ਦੀ ਪੁਕਾਰ ਬਣ ਗਿਆ ਹੈ। ਘਟਨਾਵਾਂ ਦਾ ਪਰਵਾਹ, ਦਲੀਲਾਂ-ਭਰੀ


www.AKJ.Org

ਵਾਰਤਾਲਾਪ ਪਾਤਰਾਂ ਦੀ ਮਨੋ-ਵਿਆਖਿਆ, ਦ੍ਰਿਸ਼-ਵਰਣਨ ਅਤੇ ਸਥਾਨਕ ਰੰਗ ਇਹਨਾਂ ਚਿੱਠੀਆਂ ਨੂੰ ਸਰਬ-ਸਾਂਝੀ ਵਾਰਤਕ ਦਿੰਦਾ ਹੈ। ਇਸੇ ਲਈ ਸਾਹਿੱਤਕ ਪੱਖ ਤੋਂ 'ਜੇਲ੍ਹ-ਚਿੱਠੀਆਂ' ਨੂੰ ਵਧੇਰੇ ਮਾਨ ਪ੍ਰਾਪਤ ਹੋਇਆ ਹੈ। ਇਹਨਾਂ ਚਿੱਠੀਆਂ ਦੀ ਵਾਰਤਕ ਵਿਚੋਂ ਕੁਝ ਹੋਰ ਵੰਨਗੀਆਂ ਹਾਜ਼ਰ ਹਨ-

(ੳ) ਏਹ ਬੀ.ਟੀ. ਜੋ ਪਿਛੋਂ ਗੁਰੂ ਕੇ ਬਾਗ ਦਾ ਬਾਘ ਬਣ ਗਿਆ, ਸਾਡੇ ਸਾਹਮਣੇ ਲੇਲ ਵਾਙੂੰ ਛਹਿਆ ਫਿਰਦਾ ਅਤੇ ਹਰ ਸਟੇਸ਼ਨ ਤੇ ਜਾ ਕੇ ਲੇਲ੍ਹੜੀਆਂ ਕਢਦਾ ਸੀ।

(ਅ) ਦੇਖੀਏ ਤਾਂ ਬੜਾ ਸਾਹਿਬ ਗੋਰਾ ਪੁੱਠੀ ਟੋਪੀ ਵਾਲਾ ਪੰਜਾਬੀ ਹੈ............ਜੋ ਵਲਾਇਤ ਜਾ ਕੇ ਮੂੰਹ ਸਿਰ ਮੁਨਾ ਬਿਗੜ-ਪੰਥੀ ਹੋ ਗਿਆ ਹੈ।

(ੲ) ਉਸ ਆਖਿਆ, ਜ਼ੁਲਮ ਨਹੀਂ ਇਨਤਜ਼ਾਮ ਹੈ। ਮੈਂ ਆਖਿਆ ਇਨਤਜ਼ਾਮ ਨਹੀਂ, ਇਹ ਇਨਤਕਾਮ ਹੈ।

(ਸ) ਮੈਂ ਆਪ ਦੀ ਦਿੱਤੀ ਕੁਰਸੀ ਨੂੰ ਸ਼ੋਭਾ ਦੀ ਸੂਲੀ ਸਮਝਦਾ ਹਾਂ।

(ਹ) ਸਰੀਰ ਦੀ ਸਥੂਲਤਾ ਖੁਰਦੀ ਖੁਰਦੀ ਐਸੀ ਖੁਰੀ ਕਿ ਨਿਰੀ ਸੂਖਮਤਾ ਹੀ ਉਭਰ ਆਈ, ਬਸ ਪੰਜ-ਭੂਤਕੀ ਪਿੰਜਰੇ ਅੰਦਰ ਸੁਆਸ ਹੀ ਸੁਆਸ ਚਲਦੇ ਦਿਸਣ।

(ਕ) ਨੱਥਾ ਸਿੰਘ, ਦਿਖਾ ਦੇਹ ਇਹਨਾਂ ਨੂੰ ਚੰਡੀ ਦਾ ਭਾਉਣ।

(ਖ) ਝੋਟੇ ਵਰਗੇ ਫ਼ੌਜੀ ਜੇਲ੍ਹਰ ਨੇ...............

(ਗ) ਜੇਲ੍ਹ-ਕਰਮਚਾਰੀਆਂ ਦੀ ਹਿੱਕ ਉਤੇ ਸੱਪ ਲੇਟਣ ਲੱਗ ਪਏ।

(ਘ) ਮੈਨੂੰ ਭੀ ਮੁਲਾਕਾਤ ਦਾ ਦੁੱਧ ਜੇਲ੍ਹ-ਮੁਖ਼ਤਾਰੀ ਬੱਕਰੀ ਨੇ ਇਕ ਵਾਰ ਹੀ ਚੋਣ ਦਿੱਤਾ, ਸੋ ਭੀ ਮੀਂਗਣਾਂ ਪਾ ਕੇ

(ਙ) ਰੱਬ ਨੇ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ।

(ਚ) ਅੰਮ੍ਰਿਤ ਵੇਲੇ ਇਸ਼ਨਾਲ ਕੀ ਕੀਤਾ ਕਿ ਬਲਦੀ ਪ੍ਰੇਮ ਚੁਆਤੀ ਉਤੇ ਚਮਕ-ਬਿਜਲੀ ਲਿਸ਼ਕ ਪਈ ਡੋਲ ਬਾਲਟੀਆਂ ਹੱਥ ਵਿਚ ਫੜੀਆਂ ਰਹਿ ਗਈਆਂ। ਪੰਪ ਰੂਪੀ ਦਮਦਮੇ ਵਲੋਂ ਰੈਣ ਬਸੇਰੇ ਵਲ ਜਾਣਾ ਹੀ ਭੁਲ ਗਿਆ।

ਭਾਈ ਸਾਹਿਬ ਦੀ ਸ਼ੈਲੀ ਵਿਚ ਹਾਸ-ਰਸ ਵਿਅੰਗ ਭੀ ਕਾਫ਼ੀ ਹੈ। ਉਪਰ ਲਿੱਖੀਆਂ ਕਈ ਸਤਰਾਂ ਇਸ ਗੱਲ ਦੀ ਗੁਆਹੀ ਦਿੰਦੀਆਂ ਹਨ, ਹੋਰ ਭੀ ਕਈ ਥਾਈਂ ਇਹਨਾਂ ਗੁਣਾਂ ਦੀ ਸੁੱਚਜੀ ਵਰਤੋਂ ਕੀਤੀ ਗਈ ਹੈ, ਜਿਵੇਂ 'ਜੰਦਰਿਆਂ ਤੋਂ ਬੰਬਾਂ ਦਾ ਕੰਮ ਲੈਣਾ' ਅਤੇ ਨਵੇਂ ਕੈਦੀਆਂ ਦੇ ਆਉਣ ਸਮੇਂ 'ਹਮ ਘਰ ਸਾਜਨ ਆਏ' ਦੇ ਸੋਹਿਲੇ ਗਾਉਣਾ, ਇਤਿ ਆਦਿਕ। ਇਹੋ ਜਿਹੇ ਗੁਣਾਂ ਵਾਲੀ ਵਾਰਤਕ ਉਸ ਸਮੇਂ ਲਿਖੀ ਜਾ ਰਹੀ ਸੀ, ਜਦੋਂ ਨਾ ਤਾ ਨਾਨਕ ਸਿੰਘ ਨੇ ਨਾਵਲ ਲਿਖਣੇ ਸ਼ੁਰੂ ਕੀਤੇ ਸਨ ਅਤੇ ਨਾ ਹੀ ਗੁਰਬਖਸ਼ ਸਿੰਘ ਨੇ ਕਲਮ ਉਠਾਈ ਸੀ। ਉਸ ਸਮੇਂ ਭਾਈ ਵੀਰ ਸਿੰਘ ਦਾ ਬੋਲ-ਬਾਲਾ ਸੀ। ਸੁੰਦਰੀ, ਸਤਵੰਤ ਕੌਰ, ਅਤੇ ਬਾਬਾ ਨੌਧ ਸਿੰਘ (ਪਹਿਲਾ ਭਾਗ) ਦੀ ਬੋਲੀ ਭੀ ਬੇਸ਼ਕ ਬਹੁਤ ਸਰਲ ਅਤੇ ਮੁਹਾਵਰੇਦਾਰ ਹੈ, ਪਰ ਜੋ ਸਰਲਤਾ ਅਤੇ ਸ਼ਬਦਾਂ ਦਾ ਕਟਵਾਂ-ਪ੍ਰਭਾਵ 'ਜੇਲ੍ਹ ਚਿੱਠੀਆਂ' ਦਾ ਹੈ, ਉਹ ਉਸ ਸਮੇਂ ਦੀ ਹੋਰ ਕਿਸੇ ਵਾਰਤਕ-ਰਚਨਾ ਵਿਚ ਨਹੀਂ ਲਭਦਾ। ਚਰਨ ਸਿੰਘ ਸ਼ਹੀਦ ਹਾਸ-ਰਸ ਦਾ ਵੱਡਾ ਉਸਤਾਦ ਸੀ, ਪਰ ਉਸ ਦੀ ਵਾਰਤਕ ਦਾ ਸਾਹ ਇਤਨਾ ਲੰਮਾ ਨਹੀਂ, ਜਿਤਨਾ ਭਾਈ ਰਣਧੀਰ ਸਿੰਘ ਜੀ ਦੀ ਵਾਰਤਕ ਦਾ। ਭਾਈ ਵੀਰ ਸਿੰਘ ਰਚਿਤ 'ਗੁਰੂ ਨਾਨਕ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਉਸ ਯੁੱਗ ਦੀ ਵਾਰਤਕ ਦਾ ਸਿਖਰ ਹਨ। ਉਹਨਾਂ ਰਚਨਾਵਾਂ ਦੇ ਸ਼ਬਦ ਸਚਮੁਚ ਤੀਰਾਂ ਦੇ ਨੁੱਕੇ ਹਨ ਤੇ ਸੀਨਿਆਂ ਵਿਚ ਧਸਦੇ ਹਨ, ਪਰ ਉਹ ਵਾਰਤਕ ਵਿਚ ਡੁੱਬੀ ਹੋਣ ਕਰਕੇ ਅਤੇ ਕਈ ਥਾਈਂ ਕਲਪਨਾ ਦੀ ਅਸਧਾਰਨ-ਰੰਗੀਨੀ ਵਿਚ ਹੋਣ ਕਾਰਨ, ਆਮ ਲੋਕਾਂ ਦੀ ਪਕੜ ਤੋਂ ਉੱਚੀ ਹੈ। ਇਸ ਦੇ ਉਲਟ ਭਾਈ ਰਣਧੀਰ ਸਿੰਘ ਜੀ ਦੀ ਵਾਰਤਕ ਜਨ-ਸਧਾਰਨ ਦੇ ਬਹੁਤ ਨੇੜੇ ਹੈ ਅਤੇ ਉਹਨਾਂ ਦੀ ਸੋਚਣੀ ਨੂੰ ਜਲਦੀ ਲਪੇਟ ਵਿਚ ਲੈ ਲੈਂਦੀ ਹੈ।

(੨)

ਨਿਰੋਲ ਸਾਹਿੱਤਕ ਪੱਖ ਤੋਂ ਭਾਈ ਰਣਧੀਰ ਸਿੰਘ ਦੀ ਦੂਜੀ ਵਰਨਣ-ਯੋਗ ਰਚਨਾ 'ਉਮਰ ਕੈਦੀ ਦਾ ਸੁਪਨਾ' ਹੈ। ਇਹ ੫੪ ਸਫ਼ਿਆਂ ਦੀ ਇਕ ਲੰਮੀ ਕਹਾਣੀ ਹੈ, ਜਿਸ ਦਾ ਵਿਸ਼ਾ ਅਤੇ ਸ਼ੈਲੀ ਇਸ ਨੂੰ ਪੰਜਾਬੀ ਦੀਆਂ ਸਭ ਤੋਂ ਚੰਗੀਆਂ ਕਹਾਣੀਆਂ ਦੀ ਕਤਾਰ ਵਿਚ ਖਲਿਹਾਰਦੇ ਹਨ। ਰੂਪਕ ਪੱਖ ਤੋਂ ਅਸੀਂ ਇਸ ਨੂੰ ਚਿੰਨਵਾਦੀ ਕਹਾਣੀ ਆਖ ਸਕਦੇ ਹਾਂ। ਕਹਾਣੀ ਦੇ ਅਰੰਭ ਨਾਲ, ਦੁਨੀਆਂ ਦੇ ਕਾਰਖ਼ਾਨੇ ਵਿਚ ਸੱਚ


www.AKJ.Org

ਦੀ ਮੁਤਲਾਸ਼ੀ ਆਤਮਾ ਪ੍ਰਵੇਸ਼ ਕਰਦੀ ਹੈ। ਕਦੇ ਮਲ-ਰੂਪੀ ਰਿੱਛ ਉਸ ਦਾ ਰਾਹ ਰੋਕਦਾ ਹੈ, ਕਦੇ ਮਨ-ਮੋਹਿਣੀ-ਮਾਇਆ, ਸੁੰਦਰ ਯੁਵਤੀ ਦਾ ਰੂਪ ਧਾਰ ਕੇ ਉਸ ਨੂੰ ਜਾਲ ਵਿਚ ਫਸਾਉਣ ਲਈ ਨਾਜ਼-ਨਖ਼ਰੇ ਕਰਦੀ ਹੈ। ਪਰ,ਸੱਚ ਦੀ ਮੁਤਲਾਸ਼ੀ ਆਤਮਾ ਨੂੰ ਗੁਰੂ ਦੀ ਕਿਰਪਾ ਪਰਾਪਤ ਹੈ। ਇਸ ਲਈ ਉਹ ਨਾਮ ਦਾ ਖੜਗ ਚਲਾ ਕੇ ਮਨ-ਰੂਪੀ-ਰਿੱਛ ਨੂੰ ਕਾਬਜ਼ ਕਰਦੀ ਹੈ ਤੇ ਮਨ-ਮੋਹਣੀ ਸੁੰਦਰੀ ਭੀ ਉਸ ਦਾ ਰਾਹ ਤਕਦੀ ਰਹਿ ਜਾਂਦੀ ਹੈ। ਜਦੋਂ ਮਨ-ਰੂਪੀ ਰਿੱਛ ਵੱਸ ਆ ਜਾਂਦਾ ਹੈ, ਕਾਮ,ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦੁਨਿਆਵੀ ਕਾਰਖ਼ਾਨੇ ਦੇ ਮਜ਼ਦੂਰ ਜੀਵ-ਆਤਮਾ ਦੇ ਗੁਲਾਮ ਬਣ ਜਾਂਦੇ ਹਨ। ਪਲ ਪਲ ਦਾ ਹਿਸਾਬ ਕਰਨ ਵਾਲਾ ਚਿਤਰ ਗੁਪਤ (ਦੁਨਿਆਵੀ ਕਾਰਖ਼ਾਨੇ ਦਾ ਪਹਿਰੇਦਾਰ) ਜਦੋਂ ਜੀਵ-ਆਤਮਾ ਨੂੰ ਮੋਹ-ਬੰਧਨਾਂ ਤੋਂ ਮੁਕਤ ਹੋਈ ਵੇਖਦਾ ਹੈ, ਉਹ ਕਾਰਖ਼ਾਨੇ ਦੀਆਂ ਬੰਦ ਦੀਵਾਰਾਂ ਵਿਚੋਂ ਆਤਮਾ ਨੂੰ ਸੁਤੰਤਰ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਚਿੰਨ੍ਹਵਾਦੀ ਕਹਾਣੀਆਂ ਪੰਜਾਬੀ ਵਿਚ ਬਹੁਤ ਘਟ ਲਿਖੀਆਂ ਗਈਆਂ ਹਨ। ਉਂਗਲਾਂ ਉੱਤੇ ਗਿਣੀਆਂ ਜਾਣ ਵਾਲੀਆਂ ਜਿਹੜੀਆਂ ਕਹਾਣੀਆਂ ਛਪੀਆਂ ਭੀ ਹਨ, ਉਹਨਾਂ ਦਾ ਵਿਸ਼ਾ ਮਹਾਨ ਨਹੀਂ। ਉਹ ਜਨੌਰ ਜਾਂ ਪਸ਼ੂ-ਬ੍ਰਿਤੀਆਂ ਤੋਂ ਅੱਗੇ ਨਹੀਂ ਲੰਘ ਸਕੀਆਂ। ਭਾਈ ਸਾਹਿਬ ਦੀ ਕਹਾਣੀ "Pilgrim's Progress" ਵਾਂਗ ਪਰਮਾਰਥ ਦੇ ਪਾਂਧੀਆਂ ਨੂੰ ਸਦਾ ਰਾਹ ਵਿਖਾਉਂਦੀ ਰਹੇਗੀ।

(ੜ)

ਭਾਈ ਸਾਹਿਬ ਦੀ ਸਮੁੱਚੀ ਰਚਨਾਂ ਉਤੇ ਸਿਖ ਧਰਮ ਦੀ ਮੋਹਰ ਹੈ। 'ਜੇਲ੍ਹ ਚਿੱਠੀਆਂ' ਦਾ ਵਿਸ਼ਾ ਬੇਸ਼ਕ ਜੀਵਨ ਜਿੱਡਾ ਵਿਸ਼ਾਲ ਹੈ ਅਤੇ 'ਉਮਰ ਕੈਦੀ ਦਾ ਸੁਪਨਾ' ਸਾਰੀ ਮਨੁੱਖਤਾ ਦੀ ਪੁਕਾਰ ਹੈ, ਫੇਰ ਭੀ ਇਹਨਾਂ ਰਚਨਾਵਾਂ ਨੂੰ ਅਸੀਂ ਸਿੱਖੀ ਤੋਂ ਅੱਡ ਨਹੀਂ ਕਰ ਸਕਦੇ। 'ਜੇਲ੍ਹ-ਚਿੱਠੀਆਂ' ਦਾ ਪਹਿਲਾ ਭਾਗ ਤਾਂ ਨਿਰੋਲ ਗੁਰਮਤਿ ਦਾ ਪਰਕਾਸ਼ ਹੈ। ਅਨੁਭਵ ਦੁਆਰਾ ਨਾਮ ਦੇ ਰਹੱਸ ਨੂੰ ਖੋਲ੍ਹਿਆ ਗਿਆ ਹੈ। ਦੂਜੇ ਤੇ ਤੀਜੇ ਭਾਗ ਵਿਚ ਜੇਲ੍ਹ ਦੀਆਂ ਕਾਲ-ਕੋਠੜੀਆਂ ਅਤੇ ਜੇਲ੍ਹ-ਕਰਮਚਾਰੀਆਂ ਦੇ ਤਸੀਹਿਆਂ ਦੇ ਓਹਲੇ ਭੀ ਨਾਮ ਵਿਚ ਰੰਗੀ ਹੋਈ ਮਹਾਨ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਹਨ। 'ਉਮਰ ਕੈਦੀ ਦਾ ਸੁਪਨਾ' ਸਿੱਖੀ ਮਾਰਗੀ ਦਾ ਭੇਤ-ਕਹਾਣੀ (allegory) ਹੈ। 'ਜੇਲ੍ਹ ਚਿੱਠੀਆਂ' ਦਾ ਸਮਾਂ ਭਾਈ ਸਾਹਿਬ ਦੇ ਆਤਮਕ ਵਿਕਾਸ ਦਾ ਸਮਾਂ ਸੀ। ਉਹਨੀ ਦਿਨੀਂ ਆਪ ਨੇ ਕਠਨ ਸਾਧਨਾਂ ਅਤੇ ਨਾਮ-ਅਭਿਆਸ ਰਾਹੀਂ ਆਪਣੇ ਆਪ ਨੂੰ ਮਹਾਨ ਕਾਰਜ ਲਈ ਤਿਆਰ ਕੀਤਾ ਸੀ, ਜਿਸ ਕਾਰਜ ਨੂੰ ਗੁਰਪੁਰਵਾਸ ਹੋਣ ਤੁਕ ਆਪ ਨਿਰਵਿਘਨ ਨਿਬਾਹੁੰਦੇ ਰਹੇ। ਸਿਖ ਧਰਮ, ਗੁਰਬਾਣੀ ਅਤੇ ਗੁਰ-ਇਤਿਹਾਸ ਬਾਰੇ ਪੰਥ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਨ ਤੋਂ ਉਪਰੰਤ ਆਪ ਨੇ ਗੁਰਮਤਿ ਦੇ ਖੋਜੀਆਂ ਲਈ ਚਾਨਣ ਦਾ ਹੜ੍ਹ ਵਗਾ ਦਿੱਤਾ। ੧੯੩੦ ਵਿਚ ਉਮਰ-ਕੈਦ ਕੱਟ ਕੇ ਆਪ ਰਿਹਾ ਹੋਏ ਤੇ ਇੰਜ ਜਾਪਦਾ ਹੈ, ਇਹਨਾਂ ਜ਼ੰਜੀਰਾਂ ਦੇ ਟੁੱਟਣ ਸਾਰ ਆਪ ਦੀ ਆਤਮਾ ਦੁਆਲਿਓਂ ਤ੍ਰੈਗੁਣੀ ਜ਼ੰਜੀਰਾਂ ਭੀ ਟੁੱਟ ਗਈਆਂ ਅਤੇ ਆਪ ਤ੍ਰੈਗੁਣ-ਅਤੀਤ ਹੋ ਕੇ ਮਨ ਬਚਨ ਤੇ ਕਰਮ ਰਾਹੀਂ ਭੁੱਲੇ-ਭਟਕੇ ਜੀਵਾਂ ਨੂੰ ਸਿੱਧੇ ਰਾਹ ਪਾਉਣ ਲੱਗ ਪਏ। ਅੰਮ੍ਰਿਤ ਪਰਚਾਰ, ਅਖੰਡ ਪਾਠ ਅਤੇ ਅਖੰਡ ਕੀਰਤਨ ਦੀ ਪਰੰਪਰਾ ਨੂੰ ਨਵੀਂ ਤਾਕਤ ਦੇਣ ਤੋਂ ਛੁੱਟ ਆਪ ਨੇ ਗੁਰਮਤਿ ਦੀ ਖੋਜ ਅਤੇ ਗੁਰਬਾਣੀ ਦੀ ਵਿਆਖਿਆ ਬਾਰੇ ਦਰਜਨਾਂ ਪੁਸਤਕਾਂ ਲਿਖੀਆਂ। ਵਿਸ਼ੇ ਦੇ ਪੱਖ ਤੋਂ ਆਪ ਦੀਆਂ ਰਚਨਾਵਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:-

(ੳ) ਨਾਮ ਦਾ ਰਹੱਸ, ਨਾਮ-ਅਭਿਆਸ ਦੀ ਜੁਗਤੀ ਅਤੇ ਨਾਮ ਦੀ ਪਰਾਪਤੀ।

(ਅ) ਗੁਰਮਤਿ ਬਿਬੇਕ ਅਤੇ ਸਿੱਖੀ ਰਹਿਤ।

(ੲ) ਕਰਮ ਫ਼ਿਲਾਸਫ਼ੀ।

(ਸ) ਗੁਰਬਾਣੀ ਅਨੁਸਾਰ ਕਈ ਆਤਮਕ ਅਵਸਥਾਵਾਂ ਅਤੇ ਰੂਹਾਨੀ ਮੰਡਲਾਂ ਦੀ ਵਿਆਖਿਆ।

(ਹ) ਸਿਖ-ਇਤਿਹਾਸ ਦੇ ਕੁਝ ਧੁੰਦਲੇ ਪੰਨਿਆਂ ਉਤੇ ਰੌਸ਼ਨੀ।

(ਕ) ਗੁਰਬਾਣੀ ਦੇ ਸ਼ੁੱਧ ਅਰਥ ਅਤੇ ਭਾਵਾਂ ਦੀ ਸਰਲ ਵਿਆਖਿਆ।

ਇਹ ਵੰਡ ਪੁਸਤਕਾਂ ਅਨੁਸਾਰ ਨਹੀਂ ਕੀਤੀ ਗਈ, ਸਗੋਂ ਭਾਈ ਸਾਹਿਬ ਦੀ ਸਮੁੱਚੀ ਰਚਨਾ ਦੇ ਮੁਖ ਵਿਸ਼ਿਆਂ ਨੂੰ ਸਨਮੁਖ ਰੱਖ ਕੇ ਪਾਠਕਾਂ ਦੀ ਸਹੂਲਤ ਲਈ ਵਿਸ਼ੇ-ਵੰਡ ਕੀਤੀ ਗਈ ਹੈ। ਵੈਸੇ ਹਰ ਭਾਗ ਦੇ ਅੱਗੋਂ ਕਈ ਹੋਰ ਉਪਭਾਗ ਕੀਤੇ ਜਾ ਸਕਦੇ ਹਨ, ਕਿਉਂਕਿ ਭਾਈ ਸਾਹਿਬ ਦੀ ਰਚਨਾ ਦੇ ਆਕਾਰ ਦਾ ਵਿਸਥਾਰ ਇਤਨਾ



www.AKJ.Org

ਵੱਡਾ ਹੈ ਕਿ ਉਸ ਰਾਹੀਂ ਗੁਰਮਤਿ ਨਾਲ ਸੰਬੰਧਤ ਨਿਕੇ ਵੱਡੇ ਅਨੇਕਾਂ ਵਿਸ਼ਿਆਂ ਦਾ ਨਿਰੂਪਣ ਹੋ ਚੁੱਕਾ ਹੈ। ਹੇਠ ਲਿਖੀਆਂ ਪੁਸਤਕਾਂ ਪੜ੍ਹ ਕੇ ਪਾਠਕ ਨੂੰ ਗੁਰਮਤਿ ਬਾਰੇ ਭਰਪੂਰ ਗਿਆਨ ਹੋ ਜਾਂਦਾ ਹੈ। ਇਤਨਾਂ ਵਿਚਲੇ ਭਾਵ ਭੀ ਜੇਕਰ ਪਾਠਕਾਂ ਦੇ ਜੀਵਨ ਵਿਚ ਰਚ-ਮਿਚ ਜਾਣ ਤਾਂ ਸਮਝੋ ਉਹਨਾਂ ਦੀ ਚੁਰਾਸੀ ਕੱਟੀ ਗਈ।

'ਨਾਮ' ਦੀ ਖੋਜ ਬਾਰੇ 'ਜੇਲ੍ਹ-ਚਿੱਠੀਆਂ' ਦੇ ਪਹਿਲੇ ਭਾਗ ਵਿਚ ਭਾਈ ਸਾਹਿਬ ਨੇ ਸ੍ਵੈ-ਅਨੁਭਵ ਦੇ ਚਮਤਕਾਰ ਵਿਖਾਏ ਸਨ। 'ਗੁਰਮਤਿ ਨਾਮ ਅਭਿਆਸ ਕਮਾਈ' ਨਾਂ ਦੀ ਪੁਸਤਕ ਰਾਹੀਂ ਆਪ ਨੇ ਗੁਰਬਾਣੀ ਦੇ ਅਧਾਰ ਉਤੇ ਨਾਮ ਸਬੰਧੀ ਅਨੇਕਾਂ ਸੁਆਲਾਂ ਨੂੰ ਛੇੜ ਕੇ, ਕਾਫ਼ੀ ਸ਼ੰਕਿਆਂ ਨੂੰ ਦੂਰ ਕੀਤਾ ਹੈ।

ਨਾਮ ਅਤੇ ਨਾਮੀ ਦੇ ਵਿਸ਼ੇ ਉੱਤੇ ਪ੍ਰਾਚੀਨ ਦਰਸ਼ਨ-ਸਾਸਤਰਾਂ ਵਿਚ ਬਹੁਤ ਕੁਝ ਲਿਖਿਆ ਮਿਲਦਾ ਹੈ ਸਿੱਖ-ਪੰਥ ਵਿਚ ਭੀ ਕਈ ਵਿਦਵਾਨਾਂ ਨੇ ਇਸ ਮਜ਼ਬੂਨ ਉੱਤੇ ਕਈ ਲੇਖ ਲਿਖੇ ਹਨ। ਪਰ ਨਾਮ ਦਾ ਰਹੱਸ ਅਜੇ ਰਹੱਸ ਹੀ ਬਣਿਆ ਰਿਹਾ ਹੈ। ਕੋਈ ਵੇਦਾਂਤ ਦੇ ਪ੍ਰਭਾਵ ਹੇਠਾਂ ਅਤੇ ਕਈ ਯੋਗ-ਮਤ ਅਨੁਸਾਰ ਗੁਰਬਾਣੀ ਵਿਚ ਬਾਰ ਬਾਰ ਆਏ 'ਨਾਮ' ਦਾ ਅਰਥ ਢੂੰਡਦਾ ਹੈ। 'ਨਾਮ' ਨੂੰ ਮੰਨਣਾ ਤਾਂ ਕਿਤੇ ਰਿਹਾ, ਸੁਨਣ ਬਾਰੇ ਭੀ ਕਈ ਭੁਲੇਖੇ ਹਨ। ਕੋਈ ਯੋਗ ਦੇ ਛੇ ਚਕਰਾਂ ਨੂੰ ਵਿੰਨ੍ਹਣ ਪਿਛੋਂ ਨਾਮ ਦੀ ਪਰਾਪਤੀ ਦ੍ਰਿੜ ਕਰਾਉਂਦਾ ਹੈ। ਕੋਈ ਮੂਕ-ਜ਼ਬਾਨ ਰਾਹੀਂ ਅਜਪਾ-ਜਾਪ ਦੀ ਜੁਗਤੀ ਦਰਸਾਉਂਦਾ ਹੈ।

ਭਾਈ ਰਣਧੀਰ ਸਿੰਘ ਨੇ ਇਸ ਪੁਸਤਕ ਰਾਹੀਂ ਨਾਮ ਬਾਰੇ ਸਭ ਸੁਆਲਾਂ ਦਾ ਜੁਆਬ ਇਸ ਢੰਗ ਨਾਲ ਦਿੱਤਾ ਹੈ ਕਿ ਨਾਮ-ਅਭਿਆਸ ਭੀ ਅਤੇ ਤਰਕਵਾਦੀ ਭੀ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਕਹਿ ਸਕਦੇ।

ਭਾਈ ਰਣਧੀਰ ਸਿੰਘ ਜੀ ਦੀਆਂ ਦਲੀਲਾਂ ਵਿਚ ਨਿੱਜੀ ਅਨੁਭਵ ਦਾ ਪਰਕਾਸ਼ ਹੈ। ਉਹਨਾਂ ਦੀ ਲਿਖਤ ਵਿਚ ਚੁੰਚ ਗਿਆਨ ਵਾਲੀ ਅਕਲੀ-ਧੁੰਦ ਕਿਤੇ ਨਹੀਂ, ਤੱਤ-ਗਿਆਨ ਵਾਲਾ ਨਿਰਮਲ-ਚਾਨਣ ਹੈ। ਅੰਗ੍ਰੇਜ਼ੀ ਪੜ੍ਹੇ ਲਿਖੇ ਟੇਡ ਰਵਸ਼ੀਏ ਲਾਜ਼ੀਸ਼ੀਆਨਾ ਵਾਂਗ ਆਪ ਨੇ ਗੁਰਬਾਣੀ ਨੂੰ ਆਪਣੀ ਸਮਝ ਦੇ ਪਿੱਛੇ ਨਹੀਂ ਲਾਇਆ। ਇਸ ਦੇ ਉਲਟ ਆਪ ਨੇ ਸੱਚ ਦੀ ਖੋਜ ਲਈ; ਆਪਣੀ ਸਮਝ ਨੂੰ ਗੁਰਬਾਣੀ ਦੇ ਪਿੱਛੇ ਲਾਇਆ ਹੈ। ਇਸ ਦਾ ਫਲ-ਸਰੂਪ ਆਪ ਦੇ ਵਿਚਾਰਾਂ ਵਿਚ ਸਮਕਾਲੀ ਵਿਆਖਿਆਕਾਰਾਂ ਨਾਲੋਂ ਵਧੇਰੇ ਸਰਲਤਾ ਅਤੇ ਸਪੱਸ਼ਟਤਾ ਹੈ। ਆਪ ਨੇ ਨਾਮ ਦਾ ਰਹੱਸ ਖੋਲਣ ਤੇ ਬਿਨਾਂ ਨਾਮ-ਅਭਿਆਸ ਦੀ ਜੁਗਤੀ ਅਤੇ ਨਾਮ ਤੀਆਂ ਬਰਕਤਾਂ ਬਾਰੇ ਭੀ ਵੇਰਵੇ ਸਹਿਤ ਵੀਚਾਰ ਪੇਸ਼ ਕੀਤੇ ਹਨ। ਅਜਪਾ ਜਾਪ ਦੇ ਅਸਲ ਭਾਵ ਨੂੰ ਦਰਸਾਉਣ ਬਿਨਾਂ ਆਪ ਨੇ ਜਪੁਜੀ ਸਾਹਿਬ ਵਿਚ ਆਈਆਂ 'ਸੁਣਿਐ' ਅਤੇ 'ਮੰਨੇ' ਵਾਲੀਆਂ ਸਾਰੀਆਂ ਪਉੜੀਆਂ ਦੀ ਵਿਆਖਿਆ ਹੈਰਾਨ ਕਰਨ ਵਾਲੀ ਸੋਝੀ ਦੁਆਰਾ ਕੀਤੀ ਹੈ। ਵਿਦਵਾਨ ਵਿਆਖਿਆਕਾਰ ਨੇ ਭਾਈ ਜੋਧ ਸਿੰਘ ਵਰਗੇ ਮਹਾਨ ਵਿਦਵਾਨ ਅਤੇ ਗੁਰਮਤਿ ਦੇ ਖੋਜੀ ਦੇ ਟੀਕੇ (ਜਪੁਜੀ ਸਟੀਕ) ਉਤੇ ਕਰੜੀ ਆਲੋਚਨਾ ਕਰ ਕੇ ੧੪੦ ਪੰਨਿਆਂ (ਪੁਸਤਕ ਗੁਰਮਤਿ ਨਾਮ ਅਭਿਆਸ ਕਮਾਈ) ਵਿਚ 'ਸੁਣਿਐ ਅਤੇ ਮੰਨੇ' ਦੀਆਂ ਅੱਠਾਂ ਪਉੜੀਆਂ ਦੀ ਇਹੋ ਜਿਹੀ ਪੱਧਰ ਦੀ ਵਿਆਖਿਆ ਕੀਤੀ ਹੈ, ਜਿਸ ਨੂੰ ਮਹਾਨ ਪ੍ਰਤਿਭਾ (Genius) ਦਾ ਚਮਤਕਾਰ ਆਖਣਾ ਵਧੇਰੇ ਸ਼ੋਭਨੀਕ ਹੈ। ਨਾਮ ਦਾ ਸਿਮਰਨ, ਨਾਭੀ-ਕੰਵਲ ਦਾ ਖਿੜਨਾ, ਦਸਮ ਦੁਆਰ ਦੀ ਖੇਡ ਅਤੇ ਅਨਹਦ ਸ਼ਬਦ ਦਾ ਰਹੱਸ ਬਿਆਨ ਕਰਦੇ ਹੋਏ ਭਾਈ ਸਾਹਿਬ ਕਵੀ ਬਣ ਜਾਂਦੇ ਹਨ ਅਤੇ ਆਪ ਦੇ ਭਾਵਾਂ ਦੀ ਰਵਾਨੀ ਸਭ ਸ਼ੰਕਿਆਂ ਨੂੰ ਰੋੜ੍ਹ ਕੇ ਪਾਠਕਾਂ ਨੂੰ ਨਾਮ ਦੇ ਰੰਗ ਵਿਚ ਰੰਗ ਦਿੰਦੀ ਹੈ।

ਭਾਈ ਸਾਹਿਬ ਦੀ ਵਾਰਤਕ 'ਖੇੜੇ ਦੀ ਵਾਰਤਕ' ਹੈ। ਇਸ ਰਾਹੀਂ 'ਜੋਤਿ ਵਿਗਾਸ' ਅਤੇ ਨਾਭੀ-ਕੰਵਲ ਦੇ ਖਿੜਨ ਦਾ ਰਹੱਸ ਇਤਨੇ ਬਲਵਾਨ ਰੂਪ ਵਿਚ ਪਰਗਟ ਹੋਇਆ ਹੈ, ਜੋ ਕਿਸੇ ਸਮਕਾਲੀ ਲੇਖਕ ਦੀ ਵਾਰਤਕ ਵਿਚ ਨਹੀਂ ਲਭਦਾ। ਸਿਮਰਨ ਦੀ ਜੁਗਤੀ ਬਾਰੇ ਹੇਠ ਲਿਖੀਆਂ ਸਤਰਾਂ ਸ੍ਵੈ-ਅਨੁਭਵ ਰਾਹੀਂ ਪਰਗਟ ਹੋਈਆਂ ਹਨ:-

(ੳ) ਫੇਰ ਇਹ ਕਿ ਇਸ ਸਿਫ਼ਤ ਸਲਾਹ ਨੂੰ ਸ਼ਬਦ (ਬੈਖਰੀ ਬਾਣੀ) ਦੁਆਰਾ ਭੀ ਉਚਰੇ। 'ਹਿਰਦੇ ਨਾਲਿ' (ਪਰਾ, ਪਸਤੀ, ਮਧਮਾ ਬਿਵਸਥਾ ਵਿਚ ਭੀ) ਅਰਾਧਨ ਕਰੇ। ਤੇ 'ਰਿਧੈ ਸਮਾਲਿ' (ਨਾਭੀ ਵਿਚ ਉਤਰ ਕੇ) ਭੀ ਰੱਖੇ, ਹਰ ਤਰ੍ਹਾਂ ਬੇੜਾ ਪਾਰ ਹੈ।

(ਅ) ਅਭਿਆਸ ਕਰਦੇ ਹੋਏ ਗੁਰਮੰਤਰ ਗੁਰਮਤਿ ਨਾਮ


www.AKJ.Org

ਰੂਪੀ ਸ਼ਬਦ ਨੂੰ ਸੁਰਤੀ ਨਾਲਿ ਜੋੜਨਾ ਹੈ। ਨਾਮ ਜਪਦੇ ਹੋਏ, ਜਾਪ ਦੇ ਅਰੰਭ ਵਿਚਿ ਸ਼ਬਦ ਨਾਲਿ ਸੁਰਤੀ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ ਜਾਪ ਕਰਦਿਆਂ ਆਵੇ (ਨਿਕਲੇ) ਉਸ ਧੁਨਿ ਨਾਲ ਸੁਰਤੀ ਜੋੜਨਾ ਇਹ ਸ਼ਬਦ ਸੁਰਤਿ ਦਾ ਆਰੰਭਕ ਖੇਲੁ ਹੈ। ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰਮੰਤਰ ਨਾਮ ਸ਼ਬਦ ਦੁਅਖਰੇ (ਵਾਹਿਗੁਰੂ) ਦਾ ਪਹਿਲਾ ਦੁਅਖਰਾ, ਸਹਿਤ ਸੁਆਸ ਦੇ ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਓਰਿ ਲੈ ਜਾਵੇ, ਸਹਜ ਸੁਆਸੀ ਸੁਤੇ ਵੇਗ ਸੇਤੀ ਲੈ ਜਾਵੇ ਅਤੇ ਸਹਜ ਵੇਗ ਸੁਆਸੀ ਵੇਗ ਹੀ ਉਪਰੋਂ (ਅੰਦਰ) ਹੇਠਾਂ ਬਾਹਰ ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰਮੰਤਰੀ ਸ਼ਬਦ ਦੇ ਹਿੱਸੇ ਨੂੰ ਰਸਨਾ ਨਾਲਿ ਸਪਰਸ਼ ਕਰ ਕੇ ਨਿਕਸਾਵੇ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰੱਖੋ। ਉਪਰ ਨੂੰ ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸੁਪਰਸ ਹਲਕ ਤਾਲੂ ਸਹਿਤ ਹੋਵੇਗਾ। ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸੁਪਰਸੇਗੀ। ਇਸ ਸੁਪਰਸ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮਾ, ਪਰਾ, ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤ ਨੂੰ ਜੋੜਨਾ ਹੈ। 'ਸਬਦ ਗੁਰੂ ਸੁਰਤਿ ਧੁਨ ਚੇਲਾ' ਦੇ ਗੁਰਵਾਕ ਅਨੁਸਾਰ ਇਹ ਗੁਰਮਤਿ ਨਾਮ ਅਭਿਆਸ ਦੀ ਖੇਡ ਹੈ, ਸ਼ਬਦ ਗੁਰੂ ਰੂਪ ਇਸ ਕਰਕੇ ਹੈ ਕਿ ਧੁਰੋਂ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪਰਸ ਪਾਰਸ ਰੂਪੀ ਹੈ। ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲਿ ਸੁਰਤੀ ਸਹਿਤ ਸਪਰਸਿਆਂ ਕਾਟ ਕਰ ਕੇ ਸਨੇ ਸਨੇ ਬਿਸਮਾਦ ਰੂਪ ਵਿਚਿ ਲੀਨਤਾ ਦਾ ਆਨੰਦ, ਬਿਸਮ ਅਨੰਦ ਆਉਣ ਲਗ ਪੈਂਦਾ ਹੈ। ਜਦੋਂ ਰਸ ਬਿਸਮਤਾ ਦੀ ਨੌਬਤ ਆਣਿ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ ਬਿਸਮਾਦ ਕਲਾ ਵਿਚਿ ਲੀਨ ਹੋ ਕੇ ਸਹਜ ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ। ਫੇਰ ਸੁਰਤੀ ਜੋੜਨ ਦਾ ਕੋਈ ਖ਼ਾਸ ਯਤਨ ਨਹੀਂ ਕਰਨਾ ਪੈਂਦਾ।

(ਚਲਦਾ)

(ਪੰਨਾ ੬ ਦਾ ਬਾਕੀ.....)

ਅਗੇ ਚਲ ਕੇ ਆਪ-ਹੁਦਰੀਆਂ ਹਿਕਮਤ-ਹੁਕਮ ਸਿਆਣਪਾਂ ਨਹੀਂ ਚਲਣਗੀਆਂ। ਅਗੇ ਚਲ ਕੇ ਪਤਾ ਲਗੂ ਕਿ ਆਪੋ ਆਪਣੇ ਜੀਵਾਂ ਦੇ ਕਰਮਾਂ ਅਨੁਸਾਰ ਉਹਨਾਂ ਦੇ ਆਪਣੇ ਆਪਣੇ ਸਿਰ ਤੇ ਭੀ ਕੁਝ ਵਿਹਾਵੇਗੀ। ਸਿਰੇ ਦੀ ਗੱਲ ਬੱਸ ਇਹੀ ਹੈ ਕਿ ਅਵੱਸ਼ ਏਥੋਂ ਚਲਣਾ ਹੈ ਅਤੇ ਅਗੇ ਚਲ ਵਸਣਾ ਹੈ, ਤਾਂ ਤੇ ਸਮਰੱਥ ਸਾਹਿਬ ਵਾਹਿਗੁਰੂ ਦਾ ਸਿਮਰਨ ਕਰੋ। ਏਦੂ ਉਪਰ ਹੋਰ ਕਰਮ ਧਰਮ ਕੋਈ ਨਹੀਂ।

ਸਮਰੱਥ ਸਚੇ ਸਾਹਿਬ ਦੀ ਸੇਵਾ ਸਿਮਰਨ ਕਰ ਹੀ ਅਗੇ ਪੰਥ ਸੁਹੇਲਾ ਹੁੰਦਾ ਹੈ। ਅਰਥਾਤ ਮਰਨ ਤੋਂ ਪਿਛੋਂ, ਇਹ ਦੇਹੀ ਛਡਣ ਤੋਂ ਪਿਛੋਂ ਫੇਰ ਅਗਲੇ ਲੋਕ ਦੇ ਪੰਧ ਪੈਣਾ ਜ਼ਰੂਰੀ ਹੈ। ਮਰਨ ਪਿਛੋਂ ਅੱਗਾ ਮੁਕ ਨਹੀਂ ਜਾਂਦਾ। ਅਗੇ ਚਲ ਕੇ ਤਿਨ੍ਹਾਂ ਦਾ ਮੰਦਾ ਹਾਲ ਹੁੰਦਾ ਹੈ। ਜਿਨ੍ਹਾਂ ਦਾ ਮੰਦੇ ਹਾਲੀ ਮਰਨ ਹੋਇਆ ਹੈ। ਜਿਨ੍ਹਾਂ ਨੂੰ ਮਰਨ ਲਗਿਆਂ ਸਾਹਿਬ ਨਹੀਂ ਵਿਸਰਿਆਂ, ਸਿਮਰਨ ਹੁੰਦਾ ਹੀ ਰਿਹਾ ਹੈ ਐਸੀ ਮਰਨੀ ਜੋ ਮਰੈ ਹੈ ਤਿਨ੍ਹਾਂ ਦਾ ਮਰਨ ਹੁੰਦਾ ਨਹੀਂ ਆਖੀਦਾ। ਕਿਉਂਕਿ ਸਿਮਰਨ-ਸੁਰਜੀਤਣੀ ਮਰਨੀ ਮਰਨ ਕਰਿ, ਮਰਨ ਤੋਂ ਅਗਲਾ ਪੈਂਡਾ ਸੁਹੇਲਾ ਹੋ ਜਾਂਦਾ ਹੈ। ਪੰਥ ਸੁਹੇਲੇ ਜਾਣ ਕਰਿ ਉਹਨਾਂ ਨੂੰ ਇਹ ਫਲ ਮਿਲਦਾ ਹੈ ਕਿ ਅਗੇ ਚਲ ਕੇ ਤਿਨ੍ਹਾਂ ਨੂੰ ਵਡਾਈ ਮਿਲਦੀ ਹੈ। ਨਾਮ ਦੀ ਭੇਟਾ ਸੁਗਾਤ ਨਾਲ ਲੈ ਜਾਣ ਕਰਿ ਵਾਹਿਗੁਰੂ ਸਚੇ ਦੇ ਸਚ ਸਰੂਪ ਵਿਖੇ ਸਮਾਇਦਾ ਹੈ। ਤਾਂ ਪਤਿ ਲੇਖੇ ਪੈਂਦੀ ਹੈ। ਸਚੇ ਖਸਮ ਅਤੇ ਸਚੜੇ ਮਹਲੀ ਜਾਇ ਪ੍ਰਾਪਤ ਹੋਈਦਾ ਹੈ। ਇਸ ਬਿਧ ਖਸਮ ਦੇ ਦਰਿ ਪਰਵਾਨ ਪਏ ਗੁਰਮੁਖ ਜਨ, ਸਦ ਸਦੀਵ ਲਈ ਰੰਗ ਸਿਉਂ ਰਲੀਆਂ ਮਾਣਦੇ ਹਨ। ਇਸ ਲੋਕ ਵਿਖੇ ਐਸੀ ਸਚੀ ਮਰਨੀ ਮਰਨ-ਹਾਰਿਆਂ ਦੇ ਮਰਨ ਦਾ ਮੰਦਾ ਹਰਗਿਜ਼ ਨਹੀਂ ਕਹਿ ਸਕੀਦਾ।

('ਅਣਡਿਠੀ ਦੁਨੀਆਂ' ਪੁਸਤਕ ਵਿਚੋਂ)


www.AKJ.Org

# ਸੰਤ ਸਰੂਪ ਭਾਈ ਰਣਧੀਰ ਸਿੰਘ ਜੀ

ਵਲੋਂ : ਸ. ਗੁਰਦਿਆਲ ਸਿੰਘ ਜੀ.

ਇਸ ਦਾਸਰੇ ਨੇ ਉਪਰੋਕਤ ਮਹਾਨ ਵਿਅਕਤੀ ਦੇ ਦਰਸ਼ਨ ਆਪਣੇ ਹੋਰ ਸੰਗੀ ਸਹ-ਪਾਠੀਆਂ ਸਮੇਤ ੧੩ ਅਪ੍ਰੈਲ ੧੯੫੯ ਨੂੰ ਕੀਤੇ ਸਨ। ਉਹੋ ਜਿਹੇ ਦਰਸ਼ਨ ਹੁਣ ਤਕ ਬਤੀਤ ਹੋਏ ਆਪਣੇ ਜੀਵਨ ਵਿਚ ਕਿਸੇ ਹੋਰ ਮਹਾਨ ਹਸਤੀ ਦੇ ਨਹੀਂ ਹੋਏ। ਉਸ ਸਮੇਂ ਇਕ ਅਲੌਕਿਕ ਨਜ਼ਾਰਾ ਪ੍ਰਤੀਤ ਹੋਇਆ। ਸੰਤ ਮੂਰਤੀ ਭਾਈ ਸਾਹਿਬ ਜੀ ਉਸ ਸਮੇਂ ਲੁਧਿਆਣੇ ਇਕ ਨਵੇਕਲੇ ਕਮਰੇ ਵਿਚ, ਜੋ ਕਿ ਉਨ੍ਹਾਂ ਦੀ ਸਪੁੱਤਰੀ ਦੀ ਕੋਠੀ ਹੈ, ਬਿਸਤਰੇ ਪਰ ਲੰਮੇ ਪਏ ਹੋਏ ਸਨ। ਸਰੀਰ ਪਰ ਕਾਲਾ ਚੋਲਾ, ਸੀਸ ਪਰ ਬਸੰਤੀ ਦਸਤਾਰ (ਕੇਸਕੀ) ਸੀ। ਬੇਅੰਤ ਸੰਗਤਾਂ ਭਾਈ ਸਾਹਿਬ ਜੀ ਦੇ ਦਰਸ਼ਨ ਕਰ ਕੇ ਅਨੰਦ ਪ੍ਰਸੰਨ ਹੁੰਦੀਆਂ, ਵਾਹਿਗੁਰੂ ਵਾਹਿਗੁਰੂ ਉਚਾਰਦੀਆਂ ਕਮਰੇ ਵਿਚੋਂ ਬਾਹਰ ਆ ਰਹੀਆਂ ਸਨ। ਦਾਸ ਨੂੰ ਉਸ ਵੇਲੇ ਭਾਈ ਸਾਹਿਬ ਜੀ ਦਾ ਚਿਹਰਾ ਅਤਿਅੰਤ ਲਾਲੋ ਲਾਲ, ਤੇਜਮਈ ਤੇ ਇਉਂ ਜਾਪਿਆ ਜਿਵੇਂ ਕੋਈ ਅਕੱਥ ਨੂਰ ਭਾਈ ਸਾਹਿਬ ਦੇ ਚਿਹਰੇ ਤੋਂ ਅਕਾਸ਼ ਵਲ ਝਲਕਾਂ ਡਲ੍ਹਕਾਂ ਮਾਰ ਰਿਹਾ ਹੋਵੇ। ਭਾਈ ਸਾਹਿਬ ਜੀ ਦੇ ਉਸ ਸਮੇਂ ਨੇਤਰ ਖੁਲ੍ਹੇ ਹੋਏ, ਝਮਕ ਰਹਿਤ ਸਨ। ਦਾਸ ਨੇ ਹੋਰ ਸਿੰਘਾਂ ਪਾਸੋਂ ਪੁਛ ਕੀਤੀ ਕਿ ਕੀ ਭਾਈ ਸਾਹਿਬ ਜੀ ਦੇ ਨੇਤਰ ਨਹੀਂ ਝਮਕਦੇ। ਉਹਨਾਂ ਉੱਤਰ ਦਿੱਤਾ ਕਿ ਇਸ ਵੇਲੇ ਅਜਿਹੀ ਅਵਸਥਾ ਵਿਚ ਹਨ।

ਦੁਬਾਰਾ ੧੯੬੦ ਵੈਸਾਖੀ ਦੇ ਸਮਾਗਮ ਤੇ ਦਰਸ਼ਨ ਕੀਤੇ। ਜਿਵੇਂ ਕੇਂਦਰੀ ਸਿਖ ਅਜਾਇਬ-ਘਰ ਵਿਖੇ ਫ਼ੋਟੋ ਲਗੀ ਹੋਈ ਹੈ, ਤਿਵੇਂ ਸੀਸ ਪਰ ਚਕਰ, ਸਿਮਰਨਾ ਤੇ ਖੰਡਾ ਸਸ਼ੋਭਤ, ਚਿਹਰਾ ਬੱਬਰ ਸ਼ੇਰ ਦੀ ਨਿਆਈਂ, ਅੱਖਾਂ ਵਿਚ ਸ਼ੇਰ ਦੀਆਂ ਅੱਖਾਂ ਵਾਂਗ ਚਮਕ ਅਤੇ ਐਨਕਾਂ ਲਗੀਆਂ ਹੋਈਆਂ ਸਨ। ਬੈਰਾਗਣ ਦਾ ਆਸਰਾ ਲੈ ਕੇ ਬੈਠ ਰਹੇ ਸਨ। ਇਹ ਸਨ ਉਹਨਾਂ ਦੇ ਅਦਭੁਤ ਦਰਸ਼ਨ, ਜੋ ਦਾਸ ਨੂੰ ਸਹੀ ਸਹੀ ਪ੍ਰਤੀਤ ਹੋਏ ਤੇ ਅਜ ਤਕ ਉਹੋ ਪਿਆਰੇ ਦਰਸ਼ਨ ਦੀ ਯਾਦ ਹਿਰਦੇ ਅੰਦਰ ਵਸ ਰਹੀ ਹੈ। ਕਦੀ ਕਦੀ ਜ਼ਿਆਦਾ ਪ੍ਰਬਲ ਹੋ ਕੇ ਨੈਣੀਂ ਨੀਰ ਵੀ ਵਹਾ ਦਿੰਦੀ ਹੈ।

ਉਹ ਪਿਆਰੀ ਹਸਤੀ ਸੰਤ ਸਰੂਪ ਕਿਵੇਂ ਹੈ ਉਹ ਭਾਵੇਂ ਲਿਖਣ ਤੋਂ ਅਸਮਰਥ ਹਾਂ, ਫਿਰ ਵੀ ਉਹਨਾਂ ਦੇ ਜੀਵਨ ਦੀਆਂ ਝਲਕਾਂ, ਉਹਨਾਂ ਦੀਆਂ ਪੁਸਤਕਾਂ ਤੇ ਨਿਕਟ-ਵਰਤੀ ਸਿੰਘਾਂ ਰਾਹੀਂ ਸ੍ਰਵਣ ਕਰਨ ਨਾਲ ਜੋ ਦਰਸ਼ਮਾਨ ਹੋਈਆਂ ਹਨ, ਉਹਨਾਂ ਰਾਹੀਂ ਪਤਾ ਲਗਦਾ ਹੈ ਕਿ ਉਹ ਐਡੀ ਮਹਾਨ ਸ਼ਖਸੀਅਤ ਸਨ। ਅਮੀਰ ਘਰਾਣੇ ਵਿਚ ਸੰਸਾਰੀ ਉਚ ਵਿਦਿਆ ਪ੍ਰਾਪਤ ਕਰ ਕੇ ਤੇ ਬਿਦੇਸ਼ੀ ਹਕੂਮਤ ਸਮੇਂ ਵੱਡੇ ਵੱਡੇ ਅਹੁਦਿਆਂ ਤੇ ਸਰਵਿਸ ਕਰ ਕੇ, ਗ੍ਰਿਹਸਤੀ ਜੀਵਨ ਬਿਤਾਂਦੇਂ ਹੋਏ, ਪੂਰੀ ਮਾਣ ਵਡਿਆਈ ਪ੍ਰਾਪਤ ਕਰ ਕੇ ਫਿਰ ਅਤੀਤ ਸਾਧੂਆਂ ਵਾਂਗ ਨਿਮਰਤਾ ਗਰੀਬੀ ਵੇਸ, ਦੁਖ ਸੁਖ ਸਮ ਕਰ ਸਹਿਣ, ਕਹਿਣੀ ਅਤੇ ਕਥਨੀ ਵਿਚ ਇਕਸਾਰਤਾ ਮਾਨ ਅਪਮਾਨ ਦੀ ਤੇ ਨਿੰਦਾ ਉਸਤਤ ਦੀ ਪਰਵਾਹ ਨ ਕਰਨੀ ਅਤੇ ਗੁਰਸਿਖੀ ਅਸੂਲਾਂ ਦੇ ਡਟ ਕੇ, ਰਹਿਤ ਮਰਯਾਦਾ ਦੀਆਂ ਅਤਿਅੰਤ ਸਖਤਾਈਆਂ ਵਿਚ ਰਹਿ ਕੇ ਜੀਵਨ ਬਤੀਤ ਕਰਨਾ, ਪੂਰਨ ਸੰਤਤਾਈ ਦੇ ਲਛਣ ਨਹੀਂ ਹਨ ਤਾਂ ਹੋਰ ਕੀ ਹੈ ? ਬੇਅੰਤ ਸਾਧੂ ਸੰਤ ਦੇਖੇ ਗਏ ਹਨ ਜੋ ਕਿ ਕੁਝ ਕੁ ਪੱਖੀ ਗੁਣਾਂ ਦੇ ਧਾਰਨੀ ਹੁੰਦੇ ਹਨ। ਗ੍ਰਿਹਸਥ ਤਿਆਗ ਦੇਣਾ, ਜੇ ਨਾਮ ਜਪਣ ਕਰਕੇ ਕੁਝ ਚਮਤਕਾਰ ਪ੍ਰਾਪਤ ਹੋਏ ਤਾਂ ਰਹਿਤ ਮਰਯਾਦਾ ਵਲੋਂ ਅਵੇਸਲੇ ਹੋ ਜਾਣਾ, ਕਹਿਣਾ ਇਹ ਕਿ ਬ੍ਰਹਮ ਗਿਆਨੀਆਂ ਨੂੰ ਬੰਧਨਾਂ ਦੀ ਜ਼ਰੂਰਤ ਨਹੀਂ। ਪਹਿਲਾਂ ਮਾਇਆ ਤਿਆਗੀ ਫਿਰ ਮਾਇਆ ਰੂਪੀ ਰਿਧੀਆਂ ਸਿਧੀਆਂ ਰਾਹੀਂ ਪੂਜਯ ਬਣ ਬਹਿਣਾ, ਫਿਰ ਕੋਠੇ ਮੰਡਪ ਮਾੜੀਆਂ ਦੇ ਪਸਾਰੇ ਕਰਨ ਲਗ ਪੈਣਾ। ਪਰੰਤੂ ਭਾਈ ਸਾਹਿਬ ਜੀ ਦੇ ਜੀਵਨ ਵਿਚ ਇਹੋ ਜਿਹੀ ਘਟਨਾ ਜਾਂ ਅਵਸਥਾ ਨਜ਼ਰ ਨਹੀਂ ਆਈ। ਉਹ ਤਾਂ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸਨ; ਜਿਵੇਂ ਚੋਟੀ ਦੇ ਨਾਮ-ਅਭਿਆਸੀ ਤੇ ਨਾਮ ਜਪਣ ਰਾਹੀਂ ਹੋਈ ਸ਼ਕਤੀ ਨੂੰ ਅੰਦਰੇ ਅੰਦਰ ਜਰਨ ਵਾਲੇ, ਚੋਟੀ ਦੇ ਅਣਥੱਕ ਤੇ ਨਿਸ਼ਕਾਮ ਕੀਰਤਨੀਏ, ਆਪਣੇ ਸਮੇਂ ਦੇ ਉਚ ਵਿਦਵਾਨ; ਸਰਕਾਰੀ ਉਚ ਅਹੁਦਿਆਂ ਨੂੰ ਠੁਕਰਾਣ ਵਾਲੇ ਸੂਰਮੇ; ਮਹਾਨ ਦੇਸ-ਭਗਤ ਮਹਾਨ ਕਵੀ ਤੇ ਲੇਖਕ, ਨਿਧੜਕ ਜਰਨੈਲ ਪੂਰਨ ਗ੍ਰਿਹਸਥੀ ਤੇ ਮਾਇਆ ਵਿਚ ਉਦਾਸੀ ਕਰਨ ਵਾਲੇ ਗੁਰਮੁਖ; ਨਿਮਰਤਾ, ਸਹਿਨ ਸ਼ੀਲਤਾ, ਧੀਰਜ ਅਤੇ ਦਇਆ ਦੇ ਪੁੰਜ 'ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ (ਅਨੰਦ ਸਾਹਿਬ) ਦੇ ਗੁਰਵਾਕ ਅਨੁਸਾਰ ਪੂਰਨ ਗੁਰੂ

(ਬਾਕੀ ਪੰਨਾ ੩੩ ਤੇ ...)



www.AKJ.Org

## ਸ੍ਰੀ ਹਰਿ ਕ੍ਰਿਸ਼ਨ ਧਿਆਈਐ....

(ਸ: ਸੁਰਜੀਤ ਸਿੰਘ ਖਾਲਸਾ)

ਹਥ ਜੋੜ ਸਭ ਦਰ ਖੜੇ, ਕਰਨ ਬੇਨਤੀ ਹੋ ਸਿਰ ਨਿਵਾਏ।
ਮੇਹਰ ਕਰੋ ਮੇਹਰ ਕਰੋ ਬਾਲਾ ਪ੍ਰੀਤਮ, ਮੇਹਰਾਂ ਮੰਗਣ ਲਈ ਹਾਂ ਆਏ।
ਸਾਡੇ ਅਉਗਣਾਂ ਵੱਲ ਨਾ ਵੇਖੋ, ਅਉਗਣ ਅਸਾਂ ਤੋਂ ਰਹੇ ਸ਼ਰਮਾਏ।
ਨਾਲ ਮਿਲਾ ਲੋ ਵਿਚ ਚਰਨਾਂ ਦੇ, ਚਰਨ ਧੂੜ ਲੋ ਸਾਨੂੰ ਬਣਾਏ।
ਉਪਮਾ ਵਿਚ ਅਰਦਾਸ ਹੈ ਹੁੰਦੀ, ਹਰ ਕੋਈ ਹਥ ਜੋੜ ਕੇ ਗਾਏ।
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ॥

ਪੰਜ ਸਾਲ 'ਚ ਛੋਟੀ ਉਮਰੇ, ਵਡੇ ਮਰਤਬੇ ਆਪ ਜੀ ਪਾਏ।
ਰੂਪ ਬਣੇ ਨਿਰੰਕਾਰ ਦਾ ਸਤਿਗੁਰ, ਅਠਵੇਂ ਨਾਨਕ ਜਦ ਆਪ ਕਹਾਏ।
ਛਜੂ ਝੀਊਰ ਜੋ ਗੁੰਗਾ ਬੋਲਾ, ਲਏ ਉਸ ਤੋਂ ਗੀਤਾ ਅਰਥ ਕਰਾਏ।
ਕਰਨੀ ਦੇਖ ਅਹੰਕਾਰੀ ਪੰਡਿਤ, ਚਰਨੀ ਢਠੇ ਹੋ ਸ਼ਰਮਾਏ।
ਕੌਤਕ ਦੇਖ ਪੂਰਨ ਸਤਿਗੁਰ ਦਾ ਹਰ ਸ਼ੈ ਜਾਪ ਜਹੀ ਹੈ ਗਾਏ।
ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭ ਦੁਖ ਜਾਇ॥

ਫੈਲੀ ਵਿਚ ਦਿਲੀ ਦੇ ਚੇਚਕ, ਤ੍ਰਾਸ ਤ੍ਰਾਸ ਖਲਕਤ ਤੋਂ ਆਏ।
ਹਰ ਕੋਈ ਡਰਿਆ ਸਹਿਮਿਆ ਜਾਪੇ, ਪਤਾ ਨਹੀਂ ਕਦ ਬਾਰੀ ਆਏ।
ਦੂਰ ਦੂਰ ਸਭ ਜਾਣ ਹੀ ਨੱਠੇ, ਪਰ ਸਤਿਗੁਰ ਤਦ ਦਿਲੀ ਆਏ।
ਮੇਹਰਾਂ ਵਿਚ ਆ ਸਤਿਗੁਰ ਪਿਆਰੇ, ਚਰਨ ਪਾਹੁਲ ਬਖਸ਼ੀ ਆਏ।
ਜੋ ਜੋ ਪੀਵੇ ਨੌ-ਬਰ-ਨੌ ਹੋ ਜਾਵੇ, ਤੇ ਮਹਿਮਾ ਸਤਿਗੁਰ ਦੀ ਗਾਏ।
ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭ ਦੁਖ ਜਾਇ॥

ਅਕਾਲ ਮੂਰਤਿ ਪਰਤਖ ਹੈ ਸਤਿਗੁਰ ਦੁਨੀਆ ਤਾਰਨ ਜਗ ਵਿਚ ਆਏ।
ਅਠ ਸਾਲ ਹੋਏ ਅਠਵੇਂ ਨਾਨਕ, ਚੋਜ ਉਨ੍ਹਾਂ ਹੋਰ ਲਏ ਵਰਤਾਏ।
ਸੰਗਤ ਨੂੰ ਇਹ ਉਪਦੇਸ਼ ਦ੍ਰਿੜਾ ਰਹੇ, ਭਾਣੇ ਵਿਚ ਰਹੋ ਭਲਾ ਮਨਾਏ।
'ਬਾਬਾ ਬਕਾਲੇਂ' ਇਤਨਾ ਕਹਿ ਕੇ, ਜੋਤ ਵਿਚ ਲਈ ਜੋਤ ਮਿਲਾਏ।
ਜੋ ਦਰਸ਼ਨ ਸਤਿਗੁਰ ਜੀ ਚਾਹਵੈ, ਗੁਰੂ ਗ੍ਰੰਥ ਜੀ ਪੜ੍ਹੇ ਚਿਤ ਲਾਇ।
ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭ ਦੁਖ ਜਾਇ॥

• • • • • •

### ਅਪੀਲ

ਗੁਰੂ ਪਿਆਰੀ ਸੰਗਤ ਜੀਉ,
ਅਨੰਦ ਕਾਰਜਾਂ, ਭੋਗਾਂ ਜਾਂ ਅਜਿਹੇ ਹੋਰ ਮੌਕਿਆਂ ਤੇ ਧਰਮ ਕਾਰਜਾਂ ਹਿਤ ਕੱਢੀ ਮਾਇਆ ਵਿਚੋਂ ਵੱਧ ਤੋਂ ਵੱਧ ਸਹਾਇਤਾ "ਸੂਰਾ ਮਾਸਿਕ ਪੱਤਰ" ਨੂੰ ਭੇਜ ਕੇ ਗੁਰੂ ਸ਼ਬਦ ਦੇ ਇਸ ਲੰਗਰ ਨੂੰ ਨਿਰਵਿਘਨ ਚਲਾਈ ਰੱਖਣ ਵਿਚ ਸਹਾਈ ਹੋਵੋ ਜੀ।

ਧੰਨਵਾਦ ਸਹਿਤ,

ਸੰਪਾਦਕ

ਗੁਰਬਾਣੀ ਵਿਚ ਆਏ ਸੰਤ ਪਦ ਦੇ ਵੱਖ ਵੱਖ ਰੂਪਾਂ ਦੀ ਭਾਵਪੂਰਤ ਵਿਆਖਿਆ

"ਸੰਤਨ ਕੌਣ"

1. ਭੇਟਾ ੨੦ ਰੁਪਏ (ਡਾਕ ਖਰਚ ਅਲੱਗ)
ਅੱਜ ਹੀ ਮੰਗਵਾ ਕੇ ਪੜ੍ਹੋ
ਪੁਸਤਕ ਮਿਲਣ ਦਾ ਪਤਾ :- ਸਾਰੇ ਕੇਂਦਰੀ ਕੀਰਤਨ ਸਮਾਗਮਾਂ ਤੇ 'ਸੂਰਾ' ਦਾ ਸਟਾਲ ਜਾਂ ਸਬ-ਆਫ਼ਿਸ ਸੂਰਾ, ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।


www.AKJ.Org

# "ਨਹਿ ਮਲੇਛ ਕੋ ਦਰਸ਼ਨ ਦੇ ਹੈ"

(ਵਲੋਂ ਕੁਲਦੀਪ ਸਿੰਘ ਹਉਰਾ)

ਗੁਰੂ ਹਰਿ ਰਾਏ ਸਾਹਿਬ ਨੇ ੧੬੫੪ ਤੋਂ ੧੬੫੮ ਤੱਕ ਮਾਝੇ, ਦੁਆਬੇ ਤੇ ਮਾਲਵੇ ਵਿੱਚ ਧਰਮ-ਪ੍ਰਚਾਰ ਕੀਤਾ। ਆਪਣੇ ਚਿੱਤ-ਹੁਲਸਾਊ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਲੋਕ ਸਿੱਖ ਬਣਦੇ ਜਾ ਰਹੇ ਸਨ। ਇਹ ਖ਼ਬਰਾਂ ਸ਼ਾਹ ਜਹਾਨ ਨੂੰ ਵੀ ਪੁੱਜ ਰਹੀਆਂ ਸਨ ਤੇ ਗੁਰੂ ਸਾਹਿਬ ਦੇ ਲੋਕਾਂ ਵਿਚ ਵੱਧਦੇ ਰਸੂਖ 'ਤੇ ਉਹ ਚਿੰਤਤ ਸੀ। ਉਸ ਨੂੰ ਸਿੱਖੀ ਦਾ ਵੱਧਦਾ ਪ੍ਰਚਾਰ ਆਪਣੇ ਰਾਜ ਵਾਸਤੇ ਖਤਰਾ ਜਾਪਦਾ ਸੀ। ਇਸ ਲਈ ਉਸ ਨੇ ਗੁਰੂ-ਘਰ ਵਿੱਚ ਫੁੱਟ ਪਾਉਣ ਦੀ ਵਿਉਂਤ ਬਣਾ ਕੇ ਬਾਬਾ ਧੀਰ ਮੱਲ ਜੀ ਨੂੰ ਸਰਕਾਰੀ ਜਾਗੀਰ ਦੇ ਦਿੱਤੀ।

ਸ਼ਾਹ ਜਹਾਨ ਦੇ ਪੁੱਤਰਾਂ ਵਿੱਚ ਰਾਜ-ਪ੍ਰਾਪਤੀ ਲਈ ਠੰਡੀ-ਜੰਗ ਚਲ ਰਹੀ ਸੀ। ਸਾਰੇ ਹੀ ਤਖ਼ਤ ਦੇ ਵਾਰਸ ਬਣਨ ਦੇ ਚਾਹਵਾਨ ਸਨ। ੧੮ ਜੂਨ ੧੬੫੮ ਨੂੰ ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹਜਹਾਨ ਨੂੰ ਕੈਦ ਕਰ ਲਿਆ ਤੇ ਦਾਰਾ ਸ਼ਿਕੋਹ ਦੀ ਅਲਖ ਮੁਕਾਉਣ ਲਈ ਦਿੱਲੀ 'ਤੇ ਚੜ੍ਹ ਆਇਆ। ਦਾਰਾ ਸ਼ਿਕੋਹ ਡਰਦਾ-ਮਾਰਾ ਦਿੱਲੀ ਤੋਂ ਨੱਸਿਆ ਦੇ ਗੋਇੰਦਵਾਲ ਦੇ ਕੋਲੋ ਬਿਆਸ-ਟੱਪ ਕੇ ਲਾਹੌਰ ਆ ਵੜਿਆ। ਆਖਰ ਉਹ ਫੜਿਆ ਗਿਆ ਤੇ ਕਤਲ ਕਰ ਦਿੱਤਾ। ਜਦੋਂ ਦਾਰਾ ਸ਼ਿਕੋਹ ਗੋਇੰਦਵਾਲ ਤੋਂ ਲੰਘ ਰਿਹਾ ਸੀ ਤਾਂ ਕੁਦਰਤੀ ਗੁਰੂ ਹਰਿ ਰਾਏ ਸਾਹਿਬ ਵੀ ਉਥੇ ਹੀ ਸਨ। ਦਾਰਾ ਸ਼ਿਕੋਹ ਸੂਫੀ ਵਿਚਾਰਾਂ ਵਾਲਾ ਵਿਅਕਤੀ ਸੀ। ਉਹ ਗੁਰੂ ਸਾਹਿਬ ਨੂੰ ਮਿਲਿਆ ਤੇ ਅਕੀਦਤ ਦੇ ਫੁੱਲ ਭੇਟ ਕੀਤੇ। ਬਸ ਇਸ ਮਿਲਣੀ ਨੂੰ ਰਾਜਸੀ ਬਣਾ ਕੇ ਔਰੰਗਜ਼ੇਬ ਦੇ ਕੰਨ ਭਰੇ ਗਏ ਤੇ ਕਿਹਾ ਕਿ ਗੁਰੂ ਸਾਹਿਬ ਨੇ ਬਾਗੀ ਦਾਰਾ ਦੀ ਸਹਾਇਤਾ ਕੀਤੀ ਹੈ ਅਤੇ ਉਸ ਸਰਕਾਰ ਨਾਲ ਟੱਕਰ ਲੈਣ ਦੀ ਸੋਚ ਰਹੇ ਹਨ। ਇਨ੍ਹਾਂ ਖਬਰਾਂ ਨੇ ਔਰੰਗਜ਼ੇਬ ਦੇ ਮਨ ਵਿਚ ਤੌਖਲੇ ਪੈਦਾ ਕਰ ਦਿੱਤੇ। ਫਲਸਰੂਪ ਉਸਨੇ ਗੁਰੂ ਹਰਿ ਰਾਇ ਸਾਹਿਬ ਨੂੰ ਦਿਲੀ ਬੁਲਵਾ ਭੇਜਿਆ। ਗੁਰੂ ਸਾਹਿਬ ਆਪ ਤਾਂ ਨਾ ਗਏ, ਆਪਣੇ ਵੱਡੇ ਸਾਹਿਬਜ਼ਾਦੇ ਸ੍ਰੀ ਰਾਮ ਰਾਏ ਨੂੰ ਦਿੱਲੀ ਭੇਜਣ ਦਾ ਫੈਸਲਾ ਕਰਕੇ, ਉਸ ਨੂੰ ਸਮਝਾਇਆ ਕਿ ਹਰ ਕਾਰਜ ਕਰਨ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦਾ ਆਸਰਾ ਤੱਕਣਾ ਤੇ ਉਨ੍ਹਾਂ ਨੂੰ ਸਦਾ ਅੰਗ-ਸੰਗ ਸਮਝਣਾ, ਰਾਮ ਰਾਏ ਜੀ ਨਾਲ ਕਈ ਵਿਸ਼ਿਆਂ, 'ਤੇ ਵਿਚਾਰ-ਵਟਾਂਦਰਾਂ ਕੀਤਾ। ਉਹ ਉਨ੍ਹਾਂ ਦੀ ਵਿੱਦਵਤਾ ਤੋਂ ਪ੍ਰਭਾਵਿਤ ਹੋਇਆ ਇਸ ਤੇ ਬਾਬਾ ਰਾਮ ਰਾਏ ਜੀ ਦਾ ਸ਼ਾਹੀ ਦਰਬਾਰ ਵਿੱਚ ਆਦਰ-ਸਤਿਕਾਰ ਬਣ ਗਿਆ। ਉਹ ਚਾਹੁੰਦਾ ਸੀ ਕਿ ਬਾਬਾ ਰਾਮ ਰਾਏ ਜੀ ਸਾਡੇ ਨਾਲ ਸਹਿਮਤ ਹੋ ਜਾਣ ਤਾਂ ਅਸੀਂ ਆਪਣੇ ਮਿਸ਼ਨ ਵਿੱਚ ਛੇਤੀ ਸਫਲ ਹੋ ਜਾਵਾਂਗੇ। ਉਸ ਦਾ ਅਸਲੀ ਮਨੋਰਥ ਤਾਂ ਗੁਰੂ-ਘਰ ਵਿੱਚ ਫੁੱਟ ਪਾ ਕੇ ਉਸਨੂੰ ਕਮਜ਼ੋਰ ਕਰਨਾ ਸੀ। ਅੰਤ ਕਾਜ਼ੀਆਂ-ਮੁਲਾਨਿਆਂ ਰਾਹੀਂ ਉਹ ਬਾਬਾ ਰਾਮ ਰਾਏ ਜੀ ਨੂੰ ਭਰਮਾਉਣ 'ਚ ਸਫਲ ਹੋ ਗਿਆ।

ਸ਼ਾਹੀ ਰਸੂਖ ਆਦਰ-ਮਾਣ ਤੇ ਲਿਹਾਜ਼ਦਾਰੀ 'ਚ ਆ ਕੇ ਬਾਬਾ ਰਾਮ ਰਾਏ ਜੀ ਗੁਰੂ-ਆਸ਼ੇ ਤੇ ਆਦਰਸ਼ ਤੋਂ ਥਿੜਕ ਗਏ, ਇਤਿਹਾਸ ਗੁਆਹ ਹੈ ਕਿ ਜਦੋਂ ਵੀ ਲਾਲਚ ਜਾਂ ਹਉਮੈਂ ਵਿੱਚ ਆ ਕੇ ਕਿਸੇ ਨੇ ਸਿੱਖੀ-ਆਦਰਸ਼ਾਂ ਉਤੇ ਕੁਹਾੜਾ ਮਾਰਿਆ, ਉਦੋਂ ਹੀ ਕੌਮ ਨੂੰ ਉਸ ਵਿਸ਼ਵਾਸ਼ਘਾਤ ਦਾ ਨੁਕਸਾਨ ਉਠਾਉਣਾ ਪਿਆ। ਔਰਗਜ਼ੇਬ ਦੇ, ਲਿਹਾਜ਼ 'ਚ ਆ ਕੇ ਬਾਬਾ ਰਾਮ ਰਾਏ ਜੀ ਦਾ ਕਮਜ਼ੋਰੀ ਵਿਖਾ ਜਾਣ ਤੇ ਗੁਰਬਾਣੀ ਦੀ ਤੁੱਕ ਵਿੱਚ ਅੰਤਰ ਕਰਨਾ, ਵੇਖਕੇ ਅੰਦਾਜ਼ਾ ਲਗਾ ਲਿਆ ਕੇ "ਤੇਲ ਤਮ੍ਹਾ ਜਾ ਕੋ ਦੇਇ ਤੁਰਤ ਨਰਮ ਹੈ ਜਾਇ" ਅਨੁਸਾਰ ਰਾਮ ਰਾਏ ਨੂੰ ਲੋਭ-ਲਾਲਚ ਦੇਣ ਨਾਲ ਇਹ ਆਪਣੇ ਪੈਰਾਂ ਤੋਂ ਅਵੱਸ਼ ਹਿੱਲ ਜਾਵੇਗਾ। ਉਸ ਨੂੰ ਜਾਗੀਰ ਦੀ ਖੈਰ ਪਾ ਦਿੱਤੀ। ਸਰਕਾਰਾਂ ਗਰਜ਼ਾਂ ਪੂਰੀਆਂ ਕਰਨ ਲਈ ਸੁਆਰਥੀ ਦੇ ਲਾਲਚ 'ਚ ਆ ਕੇ ਕੌਮੀ-ਹਿੱਤਾ ਦਾ ਨੁਕਸਾਨ ਕਰ ਜਾਂਦੇ ਹਨ। ਇਹੋ ਹੀ ਗੱਲ ਬਾਬਾ ਰਾਮ ਰਾਏ ਨਾਲ ਹੋਈ ਤੇ ਉਹ ਆਪਣੇ ਪੰਧ ਤੋਂ ਥਿੜਕ ਗਿਆ।

ਗੁਰੂ ਹਰਿ ਰਾਏ ਸਾਹਿਬ ਨੇ ਜਦੋਂ ਬਾਬਾ ਰਾਮ ਰਾਏ ਦੇ ਸੁਆਰਥੀ ਵਤੀਰੇ ਬਾਰੇ ਸੁਣਿਆ ਤਾਂ ਆਪ ਨੇ ਉਸ ਸਮੇਂ ਹੀ ਫੈਸਲਾ ਕਰ ਲਿਆ ਕਿ ਐਸਾ ਕਮਜ਼ੋਰ-ਇਰਾਦਿਆਂ ਦਾ ਵਿਅਕਤੀ ਗੁਰੂ ਨਾਨਕ ਸਾਹਿਬ ਦੀ ਗੱਦੀ ਸੰਭਾਲਣ ਦੇ ਯੋਗ ਨਹੀਂ ਹੋ ਸਕਦਾ। ਸੋ ਆਪ ਨੇ ਬਾਬਾ ਰਾਮ ਰਾਏ ਨੂੰ ਮੂੰਹ ਲਗਾਉਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਸਪਸ਼ਟ ਹੋ ਜਾਂਦਾ ਕਿ ਗੁਰੂ ਨਾਨਕ ਸਾਹਿਬ ਦਾ ਮਿਸ਼ਨ ਕਦੇ ਵੀ ਕਿਸੇ ਕੱਚੇ-ਪਿੱਲੇ ਨੂੰ ਪ੍ਰਵਾਨ ਨਹੀਂ ਕਰਦਾ ਭਾਵੇਂ ਗੁਰੂ ਅੰਸ਼ ਹੀ ਕਿਉਂ



www.AKJ.Org

ਨ ਹੋਵੇ। ਗੁਰੂ ਦੇ ਗੁਣਾਂ ਤੇ ਲਛਣਾਂ ਦੀ ਪਰਖ-ਕਸੱਵਟੀ "ਗੁਰਬਾਣੀ" ਹੈ ਨਾ ਕਿ ਕੋਈ ਗੁਣ । ਸੋ ਸ੍ਰੀ ਰਾਮ ਰਾਏ ਜੀ ਨੂੰ ਸੁਆਰਥੀ-ਵਤੀਰਾ ਧਾਰਨ ਕਰਨ ਕਰਕੇ, ਗੁਰਗੱਦੀ ਦੇ ਯੋਗ ਨਾ ਸਮਝਿਆ ਗਿਆ। ਗੁਰੂ ਹਰਿ ਰਾਇ ਸਾਹਿਬ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ। ਉਸ ਸਮੇਂ ਸਾਹਿਬਜ਼ਾਦਾ ਸਾਹਿਬ ਦੀ ਆਯੂ ਕੇਵਲ ਸਵਾ ਪੰਜ ਸਾਲਾਂ ਦੀ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਕੀਰਤਪੁਰ ਵਿਚ ੮ ਸਾਵਣ ੧੭੧੩ ਮੁਤਾਬਕ ੭ ਜੁਲਾਈ ੧੬੫੬ ਨੂੰ ਹੋਇਆ ਸੀ। ਸ੍ਰੀ ਗੁਰੂ ਹਰਿ ਰਾਏ ਸਾਹਿਬ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੇ ਉਦਰ ਤੋਂ।

ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਗੁਰ-ਗੱਦੀ 'ਤੇ ਬਿਰਾਜਮਾਨ ਹੋਣ ਦਾ ਸਮਾਂ ਸਿੱਖਾਂ ਵਾਸਤੇ ਬੜੀ ਕਰੜੀ ਪਰਖ ਦਾ ਸੀ। ਗੁਰੂ ਸਾਹਿਬ ਦੀ ਛੁਟੇਰੀ-ਆਯੂ ਤੇ ਬਾਬਾ ਰਾਮ ਰਾਏ ਦਾ ਸਿੱਖਾਂ ਨੂੰ ਗੁੰਮਰਾਹ ਕਰਨਾ ਦੋ ਕਾਰਨ ਸਨ। ਬਾਬਾ ਰਾਮ ਰਾਇ। ਗੁਰੱ-ਗੱਦੀ ਪ੍ਰਾਪਤ ਨਾ ਕਰ ਸਕਣ ਕਰਕੇ ਈਰਖਾ੍ਵਸ ਇਹ ਪ੍ਰਚਾਰ ਕਰਦਾ ਸੀ ਕਿ ਸਵਾ ਪੰਜ ਸਾਲ ਦਾ ਬਾਲਕ ਤੁਹਾਡੀ ਅਗਵਾਈ ਕੀ ਕਰੇਗਾ?

ਔਰੰਗਜ਼ੇਬ ਕਸ਼ਮੀਰ ਜਾਂਦਾ ਹੋਇਆ ਤਿੰਨ ਮਹੀਨੇ ਲਾਹੌਰ ਠਹਿਰਿਆ। ਉਸ ਦਾ ਮੁੱਖ ਮਨੋਰਥ ਪੰਜਾਬ ਦੀ ਰਾਜਸੀ ਹਾਲਤ ਦਾ ਅਨੁਮਾਨ ਲਗਾਉਣਾ ਸੀ। ਸਿੱਖ ਧਰਮ ਦੇ ਵਿਰੋਧੀਆਂ ਨੇ, ਮੌਕੇ ਤੋਂ ਲਾਭ ਉਠਾ ਕੇ, ਉਸ ਦੇ ਕੰਨ ਭਰੇ ਤੇ ਸਿੱਖ ਧਰਮ ਦੀ ਵੱਧ ਰਹੀ ਸ਼ਕਤੀ ਦਾ ਤੌਖਲਾ ਉਸ ਦੇ ਕੰਨੀ ਪਾ ਦਿੱਤਾ।

ਔਰਗਜ਼ੇਬ ਲਾਹੌਰ ਤੇ ਕਸ਼ਮੀਰ ਠਹਿਰਣ ਤੋਂ ਪਿਛੋਂ, ਜਦੋਂ ੧੯ ਜਨਵਰੀ ੧੬੬੪ ਨੂੰ ਦਿੱਲੀ ਵਾਪਸ ਪੁੱਜਾ ਤਾਂ ਸੋਚੀ-ਸਮਝੀ ਚਾਲ ਅਨੁਸਾਰ, ਉਸ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਸੱਦ ਭੇਜਿਆ। ਮਿਰਜ਼ਾ ਰਾਜਾ ਜੈ ਸਿੰਘ ਨੂੰ ਗੁਰੂ ਸਾਹਿਬ ਨੂੰ ਦਿੱਲੀ ਲਿਆਉਣ ਦੇ ਆਦੇਸ਼ ਮਿਲੇ। ਉਸਨੇ ਦੀਵਾਨ ਪਰਸ ਰਾਮ ਨੂੰ ਗੁਰੂ ਜੀ ਨੂੰ ਬੜੇ ਆਦਰ ਸਤਿਕਾਰ ਨਾਲ ਲਿਆਉਣ ਲਈ ਕੀਰਤਪੁਰ ਭੇਜਿਆ।

ਗੁਰੂ ਸਾਹਿਬ ਦੀ ਆਯੂ ਉਸ ਸਮੇਂ ਸੱਤ ਸਾਲਾ ਦੀ ਹੋ ਚੁਕੀ ਸੀ। ਆਪ ਨੇ ਮੁੱਖੀ-ਸਿੱਖਾਂ ਨਾਲ ਵਿਚਾਰ-ਵਟਾਂਦਰਾਂ ਕੀਤਾ। ਗੁਰੂ ਨਾਨਕ ਸਾਹਿਬ ਨੇ ਵੀ ਸੱਤ ਸਾਲਾਂ ਦੀ ਉਮਰ ਵਿੱਚ ਹੀ ਪਾਂਧੇ ਨੂੰ, ਆਪਣੀ ਸੂਝ-ਬੂਝ ਨਾਲ ਚਕ੍ਰਿਤ ਕਰ ਦਿੱਤਾ ਸੀ। ਇਹ ਵੀ ਉਹੋ ਜੋਤਿ ਸੀ। ਬੜੀ ਦ੍ਰਿੜਤਾ ਨਾਲ ਗੁਰੂ ਸਾਹਿਬ ਨੇ ਦਿੱਲੀ ਜਾਣ ਦਾ ਫੈਸਲਾ ਕੀਤਾ। ਸਿੱਖ ਸੰਗਤਾਂ ਨੂੰ ਤੌਖਲਾ ਹੋਇਆ ਗੁਰੂ ਅਰਜਨ ਸਾਹਿਬ ਦਾ ਲਾਹੌਰ ਜਾਣਾ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਗਵਾਲੀਅਰ ਜਾਣਾ, ਸੰਗਤਾਂ ਨੂੰ ਭੁਲਿਆ ਨਹੀਂ ਸੀ। ਸੰਗਤਾਂ ਵਿਚ ਤਸ਼ਵੀਸ਼ ਦੀ ਭਾਵਨਾ ਵੇਖ ਕੇ "ਬਾਲਾ ਪ੍ਰੀਤਮ ਜੀ" ਨੇ ਸੰਗਤਾਂ ਨੂੰ ਹੌਂਸਲਾ ਤੇ ਧਰਵਾਸ ਦਿੱਤਾ ਤੇ ਦਿੱਲੀ ਵੱਲ ਚੱਲ ਪਏ। ਸੈਂਕੜੇ ਸਿੱਖ ਨਾਲ ਹੀ ਤੁਰ ਪਏ। ਗੁਰੂ ਸਾਹਿਬ ਨੇ ਅੰਬਾਲੇ ਦੇ ਕੋਲ ਪੰਜੋਖਰੇ ਦੇ ਸਥਾਨ ਤੇ ਕੁਝ ਸਿੱਖਾਂ ਨੂੰ ਨਾਲ ਰੱਖ ਕੇ, ਬਾਕੀ ਸਭ ਨੂੰ ਕੀਤਰਪੁਰ ਵਾਪਸ ਭੇਜ ਦਿੱਤਾ।

ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਲਿਖਣ ਅਨੁਸਾਰ, "ਜਦੋਂ ਗੁਰੂ ਜੀ ਕੁਰਖੇਤਰ ਪੁੱਜੇ, ਜੋ ਇੱਕ ਪ੍ਰਸਿੱਧ ਹਿੰਦੂ ਤੀਰਥ ਸੀ ਤਾਂ ਉਨ੍ਹਾਂ ਤੀਰਥ ਦੇ ਪਾਂਡਿਆਂ ਵੱਲ ਉਚੇਚਾ ਧਿਆਨ ਨਾ ਦਿੱਤਾ, ਨਾਹੀ ਕੋਈ ਕਰਮ-ਕਾਂਡ ਦਾ ਡਰਾਮਾ ਕੀਤਾ। ਇਸ 'ਤੇ ਪਾਂਡੇ ਦੁਖੀ ਹੋਏ ਕਿ ਇਸ ਤਰ੍ਹਾਂ ਤਾਂ ਸਾਡੀ ਮਾਨ-ਮਰਯਾਦਾ ਘੱਟ ਜਾਏਗੀ ਤੇ ਆਮਦਨ ਦੇ ਸਾਧਨ ਮਾਰੇ ਜਾਣਗੇ। ਇਕ ਪਾਂਡਾ ਕ੍ਰਿਸ਼ਨ ਲਾਲ ਬਹੁਤ ਹੀ ਔਖਾ ਹੋਇਆ। ਉਸ ਕਹਿਣਾ ਸ਼ੁਰੂ ਕਰ ਦਿੱਤਾ ਦੁਆਪਰ ਦੇ ਅਵਤਾਰ ਕ੍ਰਿਸ਼ਨ ਜੀ ਨੇ ਗੀਤਾ ਲਿਖੀ । ਇਹ ਸੱਤ ਅੱਠ ਸਾਲ ਦਾ ਬਾਲਕ ਆਪਣੇ ਆਪ ਨੂੰ ਹਰਿ ਕ੍ਰਿਸ਼ਨ ਅਖਵਾਂਦਾਂ ਹੈ ਤੇ ਲੋਕ ਇਸ ਨੂੰ "ਗੁਰੂ" ਆਖਦੇ ਹਨ। ਜੇ ਇਸ ਵਿੱਚ ਸਚਮੁੱਚ ਕੋਈ ਆਤਮਕ-ਸ਼ਕਤੀ ਹੈ ਤਾਂ ਗੀਤਾ ਦੇ ਕਿਸੇ ਸਲੋਕ ਦੇ ਅਰਥ ਕਰ ਕੇ ਵਿਖਾਵੇ। ਪੰਡਿਤ ਨੇ ਸਤਿਗੁਰੂ ਜੀ ਨੂੰ ਵੀ ਆ ਵੰਗਾਰਿਆ। ਗੁਰੂ ਸਾਹਿਬ ਨੇ ਪੰਡਤ ਨੂੰ ਕਿਹਾ ਕਿ ਜੇ ਅਸਾਂ ਅਰਥ ਕਰ ਵੀ ਦਿੱਤੇ ਤਾਂ ਜੇ ਤੇਰੀ ਤਸੱਲੀ ਨਾ ਹੋਈ ਤਾਂ ਕੋਈ ਢੁੱਚਰ ਘੜਲਏਗਾਂ। ਚੰਗਾ ਹੋਵੇ ਤੂੰ ਆਪਣੀ ਮਰਜ਼ੀ ਦਾ ਕੋਈ ਵਿਅਕਤੀ ਲੈ ਆ, ਅਸੀਂ ਉਸ ਪਾਸੋਂ ਤੇਰੀ ਤਸੱਲੀ ਕਰਾ ਦਿਆਂਗੇ। ਪੰਡਿਤ ਤਾਂ ਅੱਗੇ ਹੀ ਇਹੋ ਚਾਹੁੰਦਾ ਸੀ, ਉਹ ਇਕ ਮੂਰਖ ਝੀਊਰ ਨੂੰ ਲੈ ਆਇਆ। ਸਤਿਗੁਰੂ ਜੀ ਨੇ ਮਿਹਰ ਦੀ ਨਜ਼ਰ ਨਾਲ ਉਸ ਛੱਜੂ ਵੱਲ ਵੇਖਿਆ ਤਾਂ ਉਸਦੇ ਅੰਦਰਲੇ ਕਪਾਟ ਖੁਲ੍ਹ ਗਏ ਅਤੇ


www.AKJ.Org

ਉਸ ਨੇ ਵਿਦਵਾਨਾਂ ਵਾਂਗ ਗੀਤਾ ਦਾ ਪਾਠ ਤੇ ਅਰਥ ਕਰ ਵਿਖਾਏ। ਪੰਡਿਤ ਕ੍ਰਿਸ਼ਨ ਲਾਲ ਦੀ ਇਸ ਨਾਲ ਹੇਠੀ ਹੋ ਗਈ ਤੇ ਗੁਰੂ ਜੀ ਦੀ ਮਹਿਮਾ ਵਿੱਚ ਵਾਧਾ ਹੋਇਆ। "(ਜੀਵਨ ਬ੍ਰਿਤਾਂਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ)" (ਪੰਨਾ ੪੯) ਕਈ ਲੇਖਕਾਂ ਨੇ ਉਸ ਪੰਡਿਤ ਦਾ ਨਾਂ ਲਾਲ ਚੰਦ ਲਿਖਿਆ ਹੈ।

ਕੁਰਕਸ਼ੇਤਰ ਤੋਂ ਹੁੰਦੇ ਹੋਏ ਸਤਿਗੁਰੂ ਸਿੱਖਾਂ ਸਮੇਤ ਦਿੱਲੀ ਪੁੱਜ ਗਏ। ਰਾਜਾ ਜੈ ਸਿੰਘ ਨੇ ਆਪ ਜੀ ਦਾ ਉਤਾਰਾ ਆਪਣੇ ਬੰਗਲੇ 'ਵਿੱਚ ਕਰਾਇਆ, ਜਿਥੇ ਅਜਕਲ੍ਹ ਆਪ ਜੀ ਦੀ ਯਾਦ ਵਿੱਚ "ਗੁਰਦੁਆਰਾ ਬੰਗਲਾ ਸਾਹਿਬ" ਸਥਿਤ ਹੈ, ਰਾਜਾ ਜੈ ਸਿੰਘ ਤੇ ਉਸ ਦੇ ਪਰਿਵਾਰ ਨੇ ਸਤਿਗੁਰੂ ਜੀ ਦੀ ਸੇਵਾ ਤੇ ਮਾਣ-ਸਤਿਕਾਰ ਕਰਨ ਵਿੱਚ ਕੋਈ ਕਸਰ ਨਾ ਛੱਡੀ। ਪਟਰਾਣੀ ਦੇ ਦਿਲ ਵਿੱਚ ਇਕ ਭਰਮ ਉਪਜਿਆ ਕਿ ਇਤਨੀ ਛੋਟੀ ਆਯੂ ਵਿੱਚ ਗੁਰੂ ਸਾਹਿਬ ਸੰਗਤਾਂ ਦਾ ਕਲਿਆਣ ਕਿਵੇਂ ਕਰਦੇ ਹੋਣਗੇ। ਭੋਲੀ ਪਟਰਾਣੀ ਨੂੰ ਇਹ ਸੁਝ ਨਹੀਂ ਸੀ ਕਿ ਜੋਤਿ ਤਾਂ ਗੁਰੁ ਨਾਨਕ ਪਾਤਸ਼ਾਹ ਜੀ ਦੀ ਹੈ, ਕੇਵਲ ਸਰੀਰ ਹੀ "ਬਾਲਾ ਪ੍ਰੀਤਮ ਜੀ" ਦਾ ਹੈ। ਉਸ ਨੇ ਦਰਸ਼ਨਾਂ; ਦਾ ਬਹਾਨਾ ਕਰਦਿਆਂ ਹੋਇਆ, ਗੁਰੂ ਸਾਹਿਬ ਦੀ ਪਰਖ ਕਰਨ ਦੀ ਧਾਰ ਲਈ ਤੇ ਕਈ ਅਮੀਰ-ਘਰਾਣਿਆਂ ਦੀਆਂ ਇਸਤਰੀਆਂ ਨੂੰ ਆਪਣੇ ਮਹੱਲ 'ਚ ਬੁਲਾਇਆ ਤੇ ਧਾਰਨਾ ਇਹ ਰੱਖੀ ਕਿ ਗੁਰੂ ਜੀ ਮੇਰੀ ਗੋਦ ਵਿੱਚ ਆ ਕੇ ਬੈਠਣ ਤਾਂ ਮੈਂ ਆਪ ਨੂੰ ਸੱਚੇ ਮੰਨਾਗੀ, ਚੋਜੀ-ਪ੍ਰੀਤਮ ਮਹੱਲ ਦੇ ਜਨਾਨਖਾਨੇ 'ਚ ਗਏ ਤੇ ਪਟਰਾਣੀ ਦੀ ਭਾਵਨਾ ਅਨੁਸਾਰ ਉਸ ਦੀ ਗੋਦ 'ਚ ਬੈਠੇ। ਨਤੀਜਾ ਇਹ ਹੋਇਆ ਕਿ ਪਟਰਾਣੀ ਦਾ ਭਰਮ ਦੂਰ ਹੋ ਗਿਆ, ਸਤਿਗੁਰੂ ਜੀ ਦੀ ਮਹਿਮਾ ਹੋਰ ਵੱਧ ਗਈ ਪਰ ਨਿੰਦਕ ਸੜੇ ਕੁੜੇ ਤੇ ਔਖੇ ਹੋਏ,

ਗੁਰੂ ਸਾਹਿਬ ਨੇ ਜਦੋਂ ਕੀਤਰ੍ਹਪੁਰ ਤੋਂ ਦਿੱਲੀ ਆਉਣ ਦਾ ਨਿਰਣਾ ਲਿਆ ਸੀ ਤਾਂ ਆਪ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਸੀ ਕਿ ਆਪ ਔਰੰਗਜ਼ੇਬ ਵਰਗੇ ਕੱਟੜ-ਪੰਥੀ, ਪਿਤਾ ਤੇ ਭਰਾਵਾਂ ਦੇ ਕਾਤਿਲ ਅਤੇ ਜ਼ਾਲਿਮ ਬਾਦਸ਼ਾਹ ਦੇ ਮੱਥੇ ਨਹੀਂ ਲਗਣਗੇ, ਅਤੇ ਗੁਰੂ ਸਾਹਿਬ ਨੇ ਉਸ ਵਚਨ 'ਤੇ ਪਹਿਰਾ ਦਿੱਤਾ। ਦਿੱਲੀ ਜਾ ਕੇ ਵੀ ਬਾਦਸ਼ਾਹ ਨੂੰ ਨਾ ਮਿਲਣਾ ਕੋਈ ਸਾਧਾਰਨ ਗੱਲ ਨਹੀਂ ਸੀ। ਅੱਠਾਂ ਸਾਲਾਂ ਦੇ ਗੁਰੂ ਸਾਹਿਬ ਦਾ ਇੱਕ ਪੱਕਾ ਫੈਸਲਾ ਤੇ ਉਸ ਉਤੇ ਦ੍ਰਿੜ੍ਹਤਾ ਨਾਲ ਕਾਇਮ ਰਹਿਣਾ, ਇਤਿਹਾਸ ਵਿੱਚ ਬਿਲਕੁਲ ਨਿਵੇਕਲੀ ਤੇ ਅਨੋਖੀ ਉਦਾਹਰਣ ਹੈ। ਇਹ ਘਟਨਾ ਗੁਰੂ ਜੀ ਦੀ ਆਤਮਿਕ-ਉਚੱਤਾ ਦੀ ਲਖਾਇਕ ਹੈ। ਇਸੇ ਕਰਕੇ ਆਪ ਜੀ ਨੂੰ "ਅਸ਼ਟਮ-ਬਲਬੀਰਾ" ਦੇ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਨਾਲ ਮੁਲਾਕਾਤ ਕਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਨੇ ਕੀਰਤਪੁਰ ਤੋਂ ਚਲਣ ਸਮੇਂ ਜੋ ਬਚਨ ਕਹੇ ਸਨ, ਉਹ ਉਨ੍ਹਾਂ 'ਤੇ ਕਾਇਮ ਰਹੇ। ਜ਼ਰਾ ਵੀ ਟੱਸ ਤੋਂ ਮੱਸ ਨਾ ਹੋਏ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ-"ਸੁਨ ਕੇ ਸ੍ਰੀ ਹਰਿਕ੍ਰਿਸ਼ਨ ਸੁਜਾਨਾ॥ ਸਭਨ ਸੁਨਾਵਤ ਬਾਕ ਬਖਾਨਾ॥ ਨਹਿ ਮਲੇਛ ਕੋ ਦਰਸ਼ਨ ਦੇ ਹੈ॥ ਹੋਇ ਸਮੀਪ ਤਿਸ ਕੋ ਨਹਿ ਲੈ ਹੈ॥"

ਬਾਦਸ਼ਾਹ ਨੇ ਆਪਣੇ ਵੱਡੇ ਲੜਕੇ ਮੁਅੱਜਮ ਨੂੰ ਵੀ ਗੁਰੁ ਸਾਹਿਬ ਪਾਵ ਭੇਜਿਆ। ਦੋਵੇਂ ਉਮਰੋਂ ਹਾਣੀ ਹੋਣ ਕਰਕੇ ਪ੍ਰੇਮ-ਭਾਵਨਾ ਨਾਲ ਮਿਲੇ ਪਰ ਸ਼ਹਿਜ਼ਾਦਾ ਵੀ ਗੁਰੂ ਸਾਹਿਬ ਨੂੰ ਸਾਮਰਾਜ ਸ਼ਾਹੀ ਅੱਗੇ ਝੁਕਣ 'ਤੇ ਮਜਬੂਰ ਨਾ ਕਰ ਸਕਿਆ। ਗੁਰੂ ਹਰਿਕ੍ਰਿਸ਼ਨ ਜੀ ਨੇ ਜੋ ਨਾ-ਮਿਲਵਰਤਣ ਦਾ ਵਚਨ ਲੈ ਰਖਿਆ ਸੀ "ਨਹਿ ਮਲੇਛ ਕੋ ਦਰਸ਼ਨ ਦੇ ਹੈ" ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਉਸ 'ਤੇ ਦ੍ਰਿੜ ਰਹੇ।

"ਜਿਹੜੇ ਲੋਕ ਨਾ-ਮਿਲਵਰਤਣ ਦੀ ਲਹਿਰ ਕਿਸੇ ਵੀਹਵੀਂ ਸਦੀ ਦੇ ਰਾਜਸੀ ਆਗੂ ਦੀ ਕਾਢ ਸਮਝਦੇ ਹਨ, ਉਨ੍ਹਾਂ ਨੂੰ ੧੭ ਵੀਂ ਸਦੀ ਦਾ ਸਿੱਖ-ਇਤਿਹਾਸ ਪੜ੍ਹਨਾ ਚਾਹੀਦਾ ਹੈ, ਜਿਸ ਦੇ ਪੜ੍ਹਨ 'ਤੇ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਜਾਣਗੀਆਂ ਕਿ ਐਸਾ ਸਿਧਾਂਤ ਗੁਰੂ ਹਰਿ ਰਾਏ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਸਤਾਰਵੀਂ ਸਦੀ ਵਿੱਚ ਕਾਇਮ ਕਰ ਚੁੱਕੇ ਸਨ। ਭਾਰਤ ਵਿਚ ਨਾ-ਮਿਲਵਰਤਣ ਲਹਿਰ ਦੇ ਸੋਢੀ ਸਤਵੇਂ ਤੇ ਅਠਵੇਂ ਗੁਰੂ ਸਾਹਿਬਾਨ ਹੋਏ ਹਨ।

ਬਾਲਕ-ਗੁਰੂ ਦੀ ਨਿਰਭੈਤਾ ਵੇਖ ਕੇ ਔਰੰਗਜ਼ੇਬ ਨੇ ਮਹਿਸੂਸ ਕਰ ਲਿਆ ਕੇ ਗੁਰੂ ਨਾਨਕ ਸਾਹਿਬ ਦਾ ਘਰ ਬਾਬਰ ਦੇ ਘਰ ਤੋਂ ਸ਼ਕਤੀਸ਼ਾਲੀ ਹੁੰਦਾ ਜਾ ਰਿਹਾ ਹੈ ਤੇ ਇਹ ਕਿਤੇ ਮੁਗਲ-ਰਾਜ ਵਾਸਤੇ ਖਤਰਾ ਹੀ ਸਾਬਤ ਨਾ ਹੋਵੇ। ਉਸ ਨੇ ਵਿਰੋਧੀ ਧੜੇ ਦੇ ਬਾਬਾ ਧੀਰ ਮੱਲ ਤੇ ਬਾਬਾ ਰਾਮ ਰਾਏ ਨੂੰ ਤਕੜਾ ਕਰਨ



www.AKJ.Org

ਦੇ ਖਿਆਲ ਨਾਲ ਉਹਨਾਂ ਦੇ ਚੋਗੇ ਭਾਵ ਜਗੀਰਾਂ ਪੱਕੀਆਂ ਕਰ ਦਿੱਤੀਆਂ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਿੱਲੀ ਹੁੰਦਿਆਂ ਹੀ ਉਥੇ ਹੈਜ਼ੇ ਤੇ ਚੇਚੇਕ ਦੀ ਬਿਮਾਰੀ ਫੈਲ ਗਈ। ਗੁਰੂ ਸਾਹਿਬ ਜਿਨ੍ਹਾਂ ਦੇ ਹਿਰਦੇ ਵਿੱਚ ਦੁਖੀ-ਜਣਤਾ ਲਈ ਹਮਦਰਦੀ ਤੇ ਤਰਸ ਸੀ, ਗਰੀਬ ਤੇ ਦੁਖੀ ਪਰਿਵਾਰਾਂ ਦੀ ਸਹਾਇਤਾ ਕਰਨ ਲੱਗੇ। ਸਿੱਖਾਂ ਵਲੋਂ ਭੇਟਾ ਕੀਤੀ ਦਸਵੰਧ ਦੀ ਮਾਇਆ ਗੁਰੂ ਸਾਹਿਬਾਨ ਪਾਸ ਸਦਾ ਹੀ ਮੌਜੂਦ ਹੁੰਦੀ ਸੀ। ਉਹ ਇਹ ਰਕਮ ਲੋੜਵੰਦਾਂ ਦੀ ਸਹਾਇਤਾ ਤੇ ਇਲਾਜ਼ 'ਤੇ ਖਰਚ ਕਰਿਆ ਕਰਦੇ ਸਨ। ਤਿਵੇਂ ਹੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਕੀਤਾ।ਇਤਿਹਾਸ ਗਵਾਹ ਹੈ ਕਿ ਜਦ ਵੀ ਪੰਜਾਬ ਵਿਚ ਕਾਲ ਪਿਆ ਜਾਂ ਕੋਈ ਵਬਾ ਫੁੱਟ ਖਲੋਂਦੀ ਤਾਂ ਸਿੱਖ ਗੁਰੂ ਸਾਹਿਬਾਨ ਦਸਵੰਧ ਦੀ ਰਕਮ ਵਿਚੋਂ ਦੀਨ-ਦੁਖੀਆਂ ਦੀ ਸਹਾਇਤਾ ਕਰਦੇ। ਹੁਣ ਵੀ ਹੈਜ਼ਾ ਤੇ ਚੇਚੇਕ ਵਾਲੇ ਇਲਾਕਿਆਂ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਆਪ ਜਾਂਦੇ ਤੇ ਲੋਕਾਂ ਦੀ ਤੀਮਾਰਦਾਰੀ ਕਰਦੇ। ਨਤੀਜਾ ਇਹ ਹੋਇਆ ਕਿ ਗੁਰੂ ਸਾਹਿਬ ਆਪਣੀ [illegible] ਗ੍ਰਸਤ ਹੋ ਗਏ। ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕਰਕੇ ਉਨ੍ਹਾਂ ਕੀਤਰਪੁਰ ਤੋਂ ਨਾਲ ਆਈ ਸੰਗਤ ਸਮੇਤ ਆਪਣਾ ਟਿਕਾਣਾ ਜਮਨਾ-ਕੰਢੇ ਖੁਲ੍ਹੇ ਥਾਂ 'ਤੇ ਕਰਵਾ ਲਿਆ।

ਮਰਯਾਦਾ ਅਨੁਸਾਰ ਪੰਜ ਪੈਸੇ ਹੱਥ ਵਿੱਚ ਲੈ ਕੇ, ਘੁਮਾ ਕੇ, ਹੁਕਮ ਕੀਤਾ, "ਬਾਬਾ ਬਕਾਲੇ", ਜਿਸ ਦਾ ਭਾਵ ਸੀ ਕਿ ਸਾਡੇ ਤੋਂ ਪਿਛੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਗੁਰੂ ਇਸ ਸਮੇਂ ਬਕਾਲਾ ਪਿੰਡ ਵਿੱਚ ਹਨ, ਜੋ ਰਿਸ਼ਤੇ ਵਿੱਚ ਸਾਡੇ 'ਬਾਬਾ' ਜੀ ਲਗਦੇ ਹਨ। ਇਹ ਸਪਸ਼ਟ ਇਸ਼ਾਰਾ (ਗੁਰੂ) ਤੇਗ ਬਹਾਦਰ ਸਾਹਿਬ ਵੱਲ ਸੀ, ਜੋ ਉਸ ਸਮੇਂ ਬਾਬਾ ਬਕਾਲਾ ਵਿਖੇ 'ਭੋਰਾ ਸਾਹਿਬ' ਵਿਚ ਤਪੱਸਿਆ ਕਰ ਰਹੇ ਸਨ। ਉਹ ੧੬੪੪ ਤੋਂ ੧੬੬੪ ਤੱਕ ਬਕਾਲੇ 'ਚ ਰਹੇ।

੩੦ ਮਾਰਚ ੧੬੬੪ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ-ਜੋਤਿ ਸਮਾ ਗਏ। ਜਮਨਾ ਕੰਢੇ ਜਿੱਥੇ ਆਪ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ, ਉਥੇ ਗੁਰਦੁਆਰਾ "ਬਾਲਾ ਸਾਹਿਬ" ਸਥਿਤ ਹੈ। ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ ਦੇ ਸਸਕਾਰ ਵੀ ਇਸੇ ਥਾਂ ਹੋਏ ਸਨ।

ਅਕਾਲ ਪੁਰਖ ਵਲੋਂ ਭਾਣਾ ਐਸਾ ਵਰਤਿਆ ਕਿ ਗੁਰੂ ਸਾਹਿਬ ਦਾ "ਬਾਬਾ ਬਕਾਲਾ" ਕਹਿਣ ਤੋਂ ੨੨ ਬਹੁਰੂਪੀਏ ਸੋਢੀ ਬਕਾਲੇ ਪਿੰਡ ਵਿੱਚ ਆ ਗਏ ਤੇ ਉਨ੍ਹਾਂ ਆਪਣੀ-ਆਪਣੀ ਦੁਕਾਨ ਸਜਾ ਲਈ। ਆਪਣੇ ਏਜੰਟਾਂ ਪਾਸੋਂ ਅਸਲੀ-ਗੁਰੂ ਹੋਣ ਦਾ ਦਾਹਵਾ ਕਰਨ ਦਾ ਭਰੋਸਾ ਰਚ ਕੇ ਸਿੱਖ ਸੰਗਤਾਂ ਨੂੰ ਭੰਬਲ ਭੂਸੇ ਵਿੱਚ ਪਾ ਦਿੱਤਾ।

ਭਾਣਾ ਐਸਾ ਵਰਤਿਆ ਕਿ ਇਕ ਵਣਜਾਰਾ-ਸਿੱਖ ਮੱਖਣ ਸ਼ਾਹ ਆਪਣੀ ਭੇਟਾ ਗੁਰੂ-ਚਰਨਾਂ ਵਿਚ ਅਰਪਿਤ ਕਰਨ ਲਈ ਉਥੇ ਆ ਹਾਜ਼ਰ ਹੋਇਆ। ਉਸ ਨੇ ੨੨ ਮੰਜੀਆਂ ਲੱਗੀਆਂ ਵੇਖ ਕੇ ਅਸਲੀ ਗੁਰੂ ਦੀ ਭਾਲ ਸ਼ੁਰੂ ਕੀਤੀ ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੋ ਗੁਰੂ ਨਾਨਕ ਜੋਤਿ ਦੇ ਵਾਰਿਸ ਸਨ, ਨੂੰ ਪ੍ਰਗਟ ਹੋਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਜੋ ਭੁਲੇਖੇ ਦੀ ਧੁੰਦ ਛਾਈ ਹੋਈ ਸੀ, ਉਹ ਮਿਟ ਗਈ ਤੇ ਸਿੰਘ ਦੇ ਬੁਕਣ ਨਾਲ ਮ੍ਰਿਗਾਵਲੀ ਐਸੀ ਭੱਜੀ ਕਿ ਪਿਛਾਂਹ ਪਰਤ ਕੇ ਨਾ ਵੇਖਿਆ।

ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ 'ਤੇ ਸਿੱਖ-ਸਗਤਾਂ ਦੇ ਇੱਕਠ ਵਿੱਚ, ਦਿੱਲੀ ਤੋਂ ਲਿਆਦੀਆਂ ਗੁਰਿਆਈ ਵਸਤਾਂ ਆਪ ਨੂੰ ਭੇਟ ਕੀਤੀਆਂ ਗਈਆਂ। ਇਸ ਤਰ੍ਹਾਂ ਕੁਝ ਸਮਾਂ ਪਹਿਲਾਂ ਜੋ ਧੁੰਦ ਛਾਈ ਸੀ ਉਹ ਛੱਟ ਗਈ ਤੇ 'ਗੁਰੂ ਤੇਗ ਬਹਾਦਰ-ਹਿੰਦ ਦੀ ਚਾਦਰ ਗੁਰੂ ਨਾਨਕ ਗੱਦੀ 'ਤੇ ਬਿਰਾਜਮਾਨ ਹੋ ਗਏ।

੩੦ ਮਾਰਚ ੧੬੬੪ ਨੂੰ ਜੋਤੀ-ਜੋਤਿ ਸਮਾਉਣ ਸਮੇਂ "ਅਸ਼ਟਮ ਬਲਬੀਰਾ' ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਸਰੀਰਕ ਆਯੂ ਕੇਵਲ ਪੌਣੇ ਅੱਠ ਸਾਲਾਂ ਦੀ ਸੀ ਪਰ ਉਨ੍ਹਾਂ ਅੰਦਰ ਗੁਰੂ ਨਾਨਕ ਸਾਹਿਬ ਦੀ ਜੋਤਿ ਲਟ ਲੱਟ ਜੱਗ ਰਹੀ ਸੀ।

ਇਸ ਲਈ ਆਪ ਨੂੰ ਅੰਤਰ-ਆਤਮੇ ਗਿਆਨ ਸੀ ਕਿ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਕਿਸ ਮਹਾਂ ਪੁਰਸ਼ ਦੇ ਅੱਗੇ ਆਉਣ ਦੀ ਲੋੜ ਹੈ, ਕਿਉਂਕਿ "ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ," ਤੋਂ ਪਿਛੋਂ ਨੌਂ-ਨਿਧ ਦੇ ਧਾਹ ਕੇ ਆ ਮਿਲਣ ਦੀ ਆਸ ਬੱਝ ਗਈ ਸੀ।


www.AKJ.Org

# ਜਦੋਂ ਬਾਲਾ ਪ੍ਰੀਤਮ ਨੇ ਗੀਤਾ ਦੇ ਅਰਥ ਕਰਵਾਏ

(ਮਹਿੰਦਰ ਸਿੰਘ ਚਰਰਾੜੀ)

ਅੱਠਵੇਂ ਪਾਤਸ਼ਾਹ ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ੬ ਅਕਤੂਬਰ, ੧੬੬੧ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ੩੦ ਮਾਰਚ, ੧੬੬੪ ਨੂੰ ਜੋਤੀ ਜੋਤ ਸਮਾਏ। ਉਸ ਸਮੇਂ ਆਪ ਜੀ ਦੀ ਉਮਰ ੭ ਸਾਲ ਸਾਢੇ ਅੱਠ ਮਹੀਨੇ ਦੀ ਸੀ। ਛੋਟੀ ਅਵਸਥਾ ਵਿਚ ਗੁਰਗੱਦਪ ਸਾਂਭਣ ਦੇ ਯੋਗ ਹੋਣ ਕਰਕੇ ਆਪ ਜੀ ਨੂੰ "ਬਾਲਾ ਪ੍ਰੀਤਮ" ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਆਪ ਜੀ ਸੱਤਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਛੋਟੇ ਸਹਿਬਜ਼ਾਦੇ ਸਨ। ਆਪ ਜੀ ਨੇ ਮਾਤਾ ਕ੍ਰਿਸ਼ਨ ਕੌਰ ਦੀ ਕੁੱਖੋਂ ੭ ਜੁਲਾਈ, ੧੬੫੬ ਨੂੰ ਅਵਤਾਰ ਧਾਰਨ ਕੀਤਾ। ਆਪ ਜੀ ਨੇ ਬਾਲ ਉਮਰ ਵਿਚ ਅਜਿਹੇ ਕਰਾਮਾਤੀ ਕੌਤਕ ਵਰਤਾਏ ਕਿ ਲੋਕਾਈ ਤੇ ਗੁਰਸਿੱਖ ਸੰਗਤਾਂ ਧੰਨ ਧੰਨ ਕਰ ਉਠੀਆਂ।

ਪੂਰਬਲੇ ਗੁਰੂ ਸਾਹਿਬਾਨਾਂ ਦੀ ਜੋਤ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਦੇ ਮਹਾਂਵਾਕ ਅਨੁਸਾਰ "ਬਾਲਾ ਪ੍ਰੀਤਮ" ਵਿਚ ਵਿਦਵਾਨ ਹੋਣ ਕਰਕੇ ਦੁਨਿਆਵੀ ਤੌਰ ਤੇ ਇਸ ਬਾਲਕ ਸਰੀਰ ਵਿਚ ਸਿੱਖੀ ਦੇ ਸਾਰੇ ਗੁਣ ਮੌਜੂਦ ਸਨ। ਵਕਤੀ ਹਕੂਮਤ ਔਰੰਗਜ਼ੇਬ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਦੀ ਸੀ।

ਦਿੱਲੀ ਦੀ ਸੰਗਤ ਨੇ "ਬਾਲਾ ਪ੍ਰੀਤਮ" ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਨੂੰ ਦਿੱਲੀ ਆਉਣ ਦਾ ਸੱਦਾ ਦਿੱਤਾ। ਰਾਜਾ ਜੈ ਸਿੰਘ ਨੇ ੫੦ ਘੋੜਸਵਾਰ ਭੇਜੇ, ਤਾਂ ਜੋ ਗੁਰੂ ਜੀ ਨੂੰ ਅਦਬ-ਸਤਿਕਾਰ ਨਾਲ ਦਿੱਲੀ ਲਿਆਂਦਾ ਜਾਵੇ। ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਦੇ ਘਰ। ਜਿਥੇ ਅੱਜ ਗੁ: ਬੰਗਲਾ ਸਾਹਿਬ ਮੌਜੂਦ ਹੈ, ਉਤਾਰਾ ਕਰਵਾਇਆ।

ਦਿੱਲੀ ਜਾਂਦਿਆਂ ਗੁਰੂ ਜੀ ਅੰਬਾਲੇ ਨੇੜੇ ਪੰਜੋਖੜਾ ਨਾਮੀ ਜਗ੍ਹਾ ਤੇ ਰੁਕੇ। ਇਹ ਜਗ੍ਹਾ ਉਸ ਵੇਲੇ ਕਰਮਕਾਂਡਾਂ ਦਾ ਗੜ੍ਹ ਸੀ। ਬ੍ਰਾਹਮਣਾਂ ਦਾ ਗੜ੍ਹ ਹੋਣ ਕਾਰਣ ਉਨ੍ਹਾਂ ਇਹ ਗੱਲ ਫੈਲਾਈ "ਅਖਵਾਉਂਦੇ ਤਾਂ ਹਰਿਕ੍ਰਿਸ਼ਨ ਹਨ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਇਹ ਕੇਵਲ ਅਰਥ ਹੀ ਕਰ ਕੇ ਦੱਸ ਦੇਣ।"

ਪੰਡਤ ਲਾਲ ਚੰਦ ਉਨ੍ਹਾਂ'ਚੋਂ ਮੋਹਰੀ ਸੀ। ਗੱਲ ਪਾਤਸ਼ਾਹ ਤੀਕ ਪਹੁੰਚੀ ਪਾਤਸ਼ਾਹ ਨੇ ਪੰਡਤ ਨੂੰ ਸਮਝਾਇਆ, "ਪੰਡਤ ਜੀ! ਸਮਰੱਥਾ ਦਾ ਮਤਲਬ ਮਰ ਚੁੱਕੀਆਂ ਭਾਸ਼ਾਵਾ ਦੇ ਅਰਥ ਕਰਨਾ ਨਹੀਂ, ਉਹ ਤਾਂ ਦੂਜੀ ਤਰ੍ਹਾਂ ਦੀ ਵਿਦਵਤਾ ਹੈ।

ਗੁਰੂ ਦੀ ਸਮਰੱਥਾਹ ਤਾਂ ਲੋੜਵੰਦਾਂ, ਦੁਖੀਆਂ, ਮਜ਼ਲੂਮਾਂ ਦੀ ਬਾਂਹ ਫੜਨੀ, ਲੋਕਾਈ ਨੂੰ ਸਿਧੇ ਰਾਹ (ਭਗਤੀ ਵਾਲੇ ਰਾਹ) ਪਾਉਣਾ ਅਤੇ ਉਨ੍ਹਾਂ 'ਚੋਂ ਅਗਿਆਨਤਾ ਦਾ ਨਾਸ਼ ਕਰਨਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਇਸੇ ਵਾਸਤੇ ਗੁਰਬਾਣੀ ਲੋਕ ਭਾਸ਼ਾ ਵਿਚ ਉਚਾਰੀ ਹੈ। ਗੁਰੂ ਨਾਨਕ ਦਾ ਦਰ ਤਾਂ ਸਰਬ ਸਮਰੱਥ ਹੈ, ਤੁਸੀ ਕਿਸੇ ਨੂੰ ਵੀ ਲੈ ਆਵੋ, ਗੀਤਾ ਦੇ ਅਰਥ ਵੀ ਕਰਵਾ ਦਿਆਂਗੇ।"

ਪੰਡਤ ਇਕ ਅਨਪੜ੍ਹ ਮੂਰਖ ਝਿਊਰ ਛੱਜੂ ਨੂੰ ਫੜ ਲਿਆਇਆ, ਤਾਂ ਜੋ ਗੁਰੂ ਸਾਹਿਬ ਨੂੰ ਝੂਠੇ ਸਾਬਤ ਕਰ ਖਿੱਲੀ ਉਡਾਈ ਜਾ ਸਕੇ। ਪਾਤਸ਼ਾਹ ਨੇ ਬਖਸ਼ਿਸ਼ ਦੀ ਨਜ਼ਰ ਕਰ, ਸਿਰ ਤੇ ਜੋ ਸੋਟੀ ਰੱਖ ਕੇ ਪੁੱਛੇ ਸਲੋਕਾਂ ਦੇ ਅਰਥ, ਛੱਜੂ ਤੋਂ ਕਰਵਾ ਦਿਤੇ। ਕਰਮਕਾਂਡੀ ਲੋਕ ਮੂੰਹ ਵਿਚ ਉਗਲਾਂ ਪਾਈ ਵੇਖਦੇ ਹੀ ਰਹਿ ਗਏ। ਗੁਰੂ ਸਾਹਿਬ ਦੀ ਮਹਿਮਾ ਚਾਰੇ ਪਾਸੇ ਫੈਲ ਗਈ। ਸੰਗਤਾਂ "ਧੰਨ ਬਾਲਾ ਪ੍ਰੀਤਮ" ਧੰਨ ਬਾਲਾ ਪ੍ਰੀਤਮ" ਕਰ ਉਠੀਆਂ।

ਦਿੱਲੀ ਵਿਚ ਰਹਿੰਦਿਆਂ ਉਥੇ ਚੇਚਕ ਦਾ ਰੋਗ ਫੈਲ ਗਿਆ। ਗੁਰੂ ਜੀ ਵੀ ਇਸ ਦੀ ਲਪੇਟ ਵਿਚ ਆ ਗਏ, ਪਰ ਉਨ੍ਹਾਂ ਇਸ ਦੀ ਉਕਾ ਹੀ ਪਰਵਾਹ ਨਾ ਕੀਤੀ। ਮਾਤਾ ਜੀ ਅਤੇ ਸੰਗਤਾਂ ਦੇ ਤੌਖਲੇ ਦਾ ਜੁਆਬ ਦਿੰਦਿਆਂ ਉਨ੍ਹਾਂ ਆਖਿਆ ਕਿ "ਸਾਡਾ ਜੋਤੀ ਜੋਤ ਸਮਾਉਣ ਦਾ ਸਮਾਂ ਆ ਗਿਆ ਹੈ ਇਸ ਤਰ੍ਹਾਂ ਗੁਰੂ ਜੀ ਗੁਰਗੱਦੀ ਬਾਰੇ "ਬਾਬੇ ਬਕਾਲੇ" ਦਾ ਸੰਕੇਤ ਦੇ, ਕੇ ਜੋਤੀ ਜੋਤ ਸਮਾ ਗਏ।

■ ■ ■ ■ ■ ■



www.AKJ.Org

# ਛੱਜੂ ਦਾ ਅਨੁਭਵ

ਦਾਤਾ ਜੀ, (ਗੁਰਦੇਵ ਸਿੰਘ ਗੋਹਰ)

ਹੋ ਗਿਆ ਤੇਰਾ ਇਕ ਇਸ਼ਾਰਾ। ਜੀਵਣ ਬਦਲਿਆ ਮੇਰਾ ਸਾਰਾ।
ਆਈ ਰੋਸ਼ਨੀ ਗਏ ਹਨੇਰੇ। ਚਾਨਣ ਦਿਸਦਾ ਚਾਰ ਚੁਫੇਰੇ।
ਪਤਾ ਨਹੀਂ ਇਹ ਕਿਹੜੀ ਦੁਨੀਆ। ਮੈਨੂੰ ਲਗਦੀ ਤੇਰੀ ਦੁਨੀਆ।
ਸਭ ਕੁੱਝ ਸਸਤਾ ਬੜੀ ਸਮਗਰੀ। ਬੇਗਮਪੁਰੇ ਦੀ ਉਹ ਨਗਰੀ।
ਓਥੇ ਚੰਗੇ ਲੋਕੀ ਵਸਦੇ। ਕਦੀ ਨ ਲੜਦੇ ਫਿਰਦੇ ਹਸਦੇ।
ਦੇਖੀ ਉਥੇ ਗੱਲ ਇਕ ਵੱਖਰੀ। ਕੱਠੇ ਰਹਿੰਦੇ ਸ਼ੇਰ ਤੇ ਬੱਕਰੀ।
ਸਭਦੀ ਸੁਣਦੇ ਆਪਣੀ ਕਹਿੰਦੇ। ਹੱਸਣ ਖੇਡਣ ਕੱਠੇ ਰਹਿੰਦੇ।
ਨ, ਕੋਈ ਭੁੱਖਾ ਮਰਦਾ ਤਕਿਆ। ਬੁਰਾ ਕੰਮ ਨ ਕਰਦਾ ਤਕਿਆ।
ਮਿਹਨਤ ਅਤੇ ਮੁਸਕਾਨ ਦੀ ਰੋਟੀ। ਕੰਮ ਅਤੇ ਈਮਾਨ ਦੀ ਰੋਟੀ।
ਰੱਬ ਦੀ ਖਿਲਕਤ ਰੱਬ ਦੇ ਬੰਦੇ। ਆਪੂੰ ਚੰਗੇ ਪਾਕ ਨੇ ਧੰਦੇ।
ਸਾਰੇ ਕਰਦੇ ਕੰਮ ਦੀ ਪੂਜਾ। ਕੰਮ ਤੋਂ ਬਿਨਾਂ ਕੰਮ ਨ ਦੂਜਾ।
ਦੀਨ ਧਰਮ ਦੀ ਬੜੀ ਆਜ਼ਾਦੀ। ਲਾ ਕੇ ਬੈਠੇ ਕੁਲ ਸਮਾਧੀ।
ਅਪਣੀ ਅਪਣੀ ਪੂਜਾ ਕਰਦੇ। ਅਪਣੀ ਅਪਣੀ ਬਾਣੀ ਪੜ੍ਹਦੇ।
ਨ ਹੀ ਬੰਦਾ ਸ਼ੱਕੀ ਓਥੇ। ਸਾਂਝ ਦਿਲਾਂ ਦੀ ਪੱਕੀ ਓਥੇ।
ਦੇਖੇ ਨਹੀਂ ਨਿਮਾਣੇ ਓਥੇ। ਬੜੇ ਹੀ ਸੁੱਘੜ ਸਿਆਣੇ ਓਥੇ।
ਰੱਬੀ ਚਾਨਣ ਲੋਆਂ ਓਥੇ। ਸਾਫ ਸੁਗੰਧ ਖ਼ੁਸ਼ਬੋਆਂ ਓਥੇ।
ਰਾਤ ਦਿਵਸ ਦਾ ਫਰਕ ਨ ਓਥੇ। ਜਾਂਦਾ ਕੋਈ ਨਰਕ ਨ ਓਥੇ।
ਹੁੰਦਾ ਕਦੀ ਵਿਭਚਾਰ ਨ ਓਥੇ। ਬੜੇ ਚੰਗੇ, ਬਦਕਾਰ ਨ ਓਥੇ।
ਸਤੀ, ਕੋਈ ਰਿਵਾਜ਼ ਨ ਓਥੇ। ਮੰਗਦਾ ਕੋਈ ਦਾਜ ਨ ਓਥੇ।
ਨ ਹੀ ਹੱਥੋ ਪਾਈ ਓਥੇ। ਨ ਹੀ ਮਾਰ ਕੁਟਾਈ ਓਥੇ।
ਕਿਸੇ ਦਾ ਕੌੜਾ ਰਾਜ ਨ ਓਥੇ। [illegible] ਪਈ ਖਿਰਾਜ ਨ ਓਥੇ।
ਨ ਹੀ ਪੁਲਿਸ ਸਿਪਾਹੀ ਓਥੇ। ਨ ਹੀ ਝੂਠ ਗਵਾਹੀ ਓਥੇ।
ਨ ਹੀ ਘੁੱਪ ਹਨ੍ਹੇਰਾ ਓਥੇ। ਚਾਨਣ ਸਾਫ ਸਵੇਰਾ ਓਥੇ।
ਨ ਹੀ ਹੱਦਾਂ ਰਾਖੇ ਓਥੇ। ਨ ਹੀ ਬਮ ਧਮਾਕੇ ਓਥੇ।
ਨ ਹੀ ਟੂਣੇ ਟਾਮਨ ਓਥੇ। ਨ ਹੀ ਤਿੱਥਾਂ ਬ੍ਰਾਹਮਣ ਓਥੇ।
ਨ ਹੀ ਗ੍ਰਹਿਣ ਕਰੋਪੀ ਓਥੇ। ਨ ਹੀ ਵਹਿਮੀ ਲੋਕੀ ਓਥੇ।
ਨ ਹੀ ਠੱਗੂ ਟੋਲੇ ਚਥੇ। ਨ ਹੀ ਰੱਬ ਵਿਚੋਲੇ ਓਥੇ।
ਵਸਤਾਂ ਰੰਗ ਬਰੰਗੀਆਂ ਓਥੇ। ਮਿਲਦੀਆਂ ਮੂੰਹੋਂ ਮੰਗੀਆਂ ਓਥੇ।
ਸਭ ਦਾ ਬੜਾ ਪਿਆਰ ਹੈ ਓਥੇ। ਨਾਰੀ ਦਾ ਸਤਿਕਾਰ ਹੈ ਓਥੇ।
ਸੱਭ ਦਾ ਸਾਂਝਾ ਰਾਜ ਹੈ ਓਥੇ। ਸਿਰਜਿਆ ਨਵਾਂ ਸਮਾਜ ਹੈ ਓਥੇ।
ਲੋਕੀ ਸੁਘੜ ਸੁਜਾਨ ਨੇ ਓਥੇ। ਪੜ੍ਹੇ ਲਿਖੇ ਵਿਦਵਾਨ ਨੇ ਓਥੇ।
ਵਿਦਿਆ ਦਾ ਇਕ ਓਥੇ ਮੰਦਰ। ਮੈਂ ਭੀ ਪੁਹੰਚਿਆਂ ਉਸ ਦੇ ਅੰਦਰ।
ਕ੍ਰਿਪਾ ਦਾਤਾ ਹੋ ਗਈ ਤੇਰੀ। ਨਿਰਮਲ ਹੋ ਗਈ ਬੁੱਧੀ ਮੇਰੀ।
ਕਿਵੇਂ ਦੱਸਾਂ ਮੈਂ ਤੇਰੀਆਂ ਅੱਖਾਂ। ਚਮਕਾਂ ਮਾਰਦੇ ਸੂਰਜ ਲੱਖਾਂ।
ਸੋਝੀ ਆਈ ਵੇਦ ਪੁਰਾਨਾਂ। ਲੱਖਾਂ ਸ਼ਾਸ਼ਤਰ ਅਤੇ ਕੁਰਾਨਾਂ।
ਇਕ ਸ਼੍ਲੋਕ ਕੀ ਲੱਖ ਸ਼੍ਲੋਕਾਂ। ਪਾ ਨਹੀਂ ਸਕਦੇ ਮੈਨੂੰ ਰੋਕਾਂ।
ਪਾਣੀ ਵਾਂਗੂੰ ਵਗਦਾ ਜਾਊਂ। ਜੋ ਪੁੱਛੇ ਮੈਂ ਦਸਦਾ ਜਾਊਂ।
ਨ੍ਹੇਰ ਘੁੱਪ ਸੀ ਮੇਰੀ ਦੁਨੀਆ। ਚੰਦ ਚਾਨਣੀ ਤੇਰੀ ਦੁਨੀਆ।
ਬਣ ਗਈ ਇਹ ਕਿਹੜੀ ਦੁਨੀਆ। ਇੱਜ਼ਤ ਕਰਦੀ ਮੇਰੀ ਦੁਨੀਆ।
ਸੱਭ ਕੁੱਝ ਤੇਰਾ ਕੁੱਝ ਨਹੀਂ ਮੇਰਾ। ਮੈਂ ਹਾਂ ਦਾਤਾ ਸੇਵਕ ਤੇਰਾ।
"ਗੋਹਰ" ਕੋਲੋਂ ਨ ਹੋਇਆ ਪੂਰਾ। "ਅਨੁਭਵ" ਰਹਿ ਗਿਆ ਅਜੇ ਅਧੂਰਾ।



www.AKJ.Org

## ਰੋਗਾਂ ਦਾ ਕਾਰਨ

( ਪ੍ਰਿ: ਸੱਜਣ ਸਿੰਘ ਜੀ)

ਆਲਸ, ਢਿਲੱੜਪੁਣਾ, ਸੁਸਤੀ, ਬੇਅਸੂਲੀ, ਬਦਪਰਹੇਜ਼ੀ, ਘੱਟ ਵੱਧ ਖਾਣਾ, ਘਟ ਵੱਧ ਸੌਣਾ, ਆਦਿ ਨਾ ਕੇਵਲ ਸਰੀਰਕ ਅੰਗਾਂ ਵਿੱਚ ਵਿਗਾੜ ਉਤਪੰਨ ਕਰਦੇ ਹਨ, ਮਨ ਤੇ ਆਤਮਾ ਵਿਚ ਵੀ ਅਨੇਕ ਵਿਕਾਰਾਂ ਦਾ ਕਾਰਨ ਬਣਦੇ ਹਨ। ਸਚੇ ਗੁਰਦੇਵ ਜੀ ਨੂੰ ਸਰੀਰਕ ਤੰਦਰੁਸਤੀ ਦੀ ਬਹੁਤ ਕਦਰ ਸੀ, ਇਸ ਕਰਕੇ ਹਜ਼ੂਰ ਨੇ ਨਾਮ ਦੀ ਵਡਿਆਈ ਦੇ ਨਾਲ ਸਰੀਰਕ ਬਲ ਤੇ ਉਦੱਮ ਦੀ ਅਵਸ਼ਕਤਾ ਨੂੰ ਧਿਆਨ ਵਿਚ ਰੱਖਿਆ ਹੈ। ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਖਸ਼ਸ਼ ਖਾਸ ਤੌਰ ਤੇ ਉਨ੍ਹਾਂ ਸਿੱਖਾਂ ਤੇ ਹੁੰਦੀ ਸੀ ਜਿਹਨਾਂ ਦੀ ਆਪਣੀ ਸਿਹਤ ਰਿਸ਼ਟ ਪੁਸ਼ਟ, ਅਰੋਗ ਤੇ ਨਰੋਈ ਹੁੰਦੀ ਸੀ ਜਾਂ ਜਿਹੜੇ ਸੁੰਦਰ ਘੋੜਿਆਂ ਦੀ ਭੇਟਾਂ ਚੜਾਉਂਦੇ ਸਨ। ਆਪ ਜੀ ਨੇ ਅਮਲੀ ਤੌਰ ਤੇ ਗੁਰਸਿਖਾਂ ਨੂੰ ਉਪਦੇਸ਼ ਦਿੱਤਾ ਕਿ ਸਰੀਰਕ ਅਰੋਗਤਾ ਬਿਨਾਂ ਘਾਲ ਕਮਾਈ ਤੇ ਸੁੱਚੀ ਕ੍ਰਿਤ ਕਰਨੀ ਬਹੁਤ ਔਖੀ ਹੈ। ਗੁਰਸਿਖਾਂ ਨੇ ਨਾਮ ਜੱਪਣਾ ਹੈ, ਵੰਡ ਛਕਣਾ ਹੈ, ਉਦੱਮੀ ਬਣ ਕੇ ਪਰਉਪਕਾਰ ਕਰਨਾ ਹੈ, ਦੀਨ ਦੁਖੀ ਨੂੰ ਜ਼ੁਲਮ ਤੋਂ ਬਚਾਉਣਾ ਹੈ, ਇਸ ਕਰਕੇ ਸਤਿਗੁਰੂ ਦੇ ਫੁਰਮਾਨ ਅਨੁਸਾਰ ਅਪਣੀ ਕਾਇਆ ਨੂੰ ਸੁੰਦਰ ਤੇ ਅਰੋਗ ਰੱਖਣ ਲਈ ਲੋੜੀਂਦੇ ਸੰਜਮ ਦੀ ਵਰਤੋਂ ਕਰਨੀ ਅਤਿਅੰਤ ਲਾਜ਼ਮੀ ਸਮਝੀ ਹੈ।

ਰੋਗ ਦਾ ਅਰਥ ਹੈ ਸਰੀਰ ਦੇ ਅੰਗਾਂ ਦੇ ਕੁਦਰਤੀ ਕਾਰਜ ਵਿਚ ਰੁਕਾਵਟ ਪੈਣੀ, ਕੋਈ ਦੋਸ਼ ਉਤਪੰਨ ਹੋਣਾ, ਵਿਗਾੜ ਪੈਣਾ ਤੇ ਆਪਸ ਦੇ ਤਾਲ-ਮੇਲ ਵਿਚ ਵਿਘਨ ਪੈਣਾ ਹੈ। ਜੇ ਸੰਸਾਰ ਦੇ ਪ੍ਰਭਾਵ ਤੋਂ ਥੋੜਾ ਜਿਹਾ ਵੀ ਉਚੱਾ ਚੜ੍ਹ ਕੇ ਦੇਖੀਏ ਤਾਂ ਪਰਤੀਤ ਹੁੰਦਾ ਹੈ ਕਿ ਸ਼ਹਿਰ ਮਹਲਾ, ਦੇਸ਼ ਤੇ ਵਿਸ਼ਵ ਦਾ ਹਰੇਕ ਪ੍ਰਾਣੀ ਕਿਸੇ ਨ ਕਿਸੇ ਰੋਗ ਵਿਚ ਗ੍ਰਸਿਆ ਹੋਇਆ ਹੈ। ਸਾਰਾ ਸੰਸਾਰ ਰੋਗੀ ਹੈ, ਛੋਟਾ ਵੱਡਾ, ਅਮੀਰ-ਗਰੀਬ, ਵੈਦ ਹਕੀਮ ਡਾਕਟਰ ਉਪਦੇਸ਼ਕ, ਰਹਿਬਰ, ਦੇਵੀ ਦੇਵਤਾ, ਕੋਈ ਵੀ ਦਾਅਵੇਂ ਨਾਲ ਨਹੀਂ ਕਹਿ ਸਕਦਾ ਕਿ ਉਹ ਪੂਰਨ ਅਰੋਗੀ ਹੈ।

ਪਉਣ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ॥ ਮਾਤ ਪਿਤਾ ਮਾਇਆ ਦੇਹ ਸੁ ਰੋਗੀ ਰੋਗੀ ਕੁਟੰਬ ਸੰਜੋਗੀ॥੩॥ ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥ ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ॥੪॥ ਰੋਗੀ ਸਾਤ ਸਮੁੰਦ ਸ ਨਦੀਆ ਖੰਡ ਪਤਾਲਸਿ ਰੋਗਿ ਭਰੇ॥ ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ॥ਰੋਗੀ ਖਟ ਦਰਸਨ ਭੇਖ ਧਾਰੀ ਨਾਨਾ ਹਠੀ ਅਨੇਕਾ॥ ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ॥੬॥

(ਭੈਰਉ ਅਸਟਪਦੀਆ ਮਹਲਾ ੧ ਪੰਨਾ੧੧੫੩)

ਸੰਸਾਰ ਦੇ ਸਾਰੇ ਰੋਗ ਆਧਿ, ਬਿਆਧਿ, ਉਪਾਧਿ, ਵਿਚ ਆ ਜਾਂਦੇ ਹਨ। ਜਿਹਨਾਂ ਦੇ ਸਰੀਰਕ ਤੇ ਮਾਨਸਿਕ ਰੋਗ ਸਪਸ਼ਟ ਰੂਪ ਵਿਚ ਦਿਖਾਈ ਨਹੀਂ ਦਿੰਦੇ। ਉਨ੍ਹਾਂ ਨੂੰ ਵਾਸਤਵ ਵਿੱਚ ਐਸੇ ਗੁਪਤ ਰੋਗ ਚੁੰਬੜੇ ਹਨ, ਜਿਹੜੇ ਦੈਵੀ ਗੁਣਾਂ ਨੂੰ ਭਸਮ ਕਰਕੇ ਆਤਮਾ ਨੂੰ ਨਿਤਾਣਾ ਤੇ ਮਲੀਨ ਕਰੀ ਜਾਂਦੇ ਹਨ। ਇਸ ਵਰਗ ਦੇ ਰੋਗੀਆਂ ਦਾ ਦਾਰੂ ਦੁਨਿਆਵੀ ਵੈਦਾਂ ਕੋਲ ਬਿਲਕੁਲ ਨਹੀਂ ਹੈ ਤੇ ਸਤਿਗੁਰੂ ਨਾਨਕ ਦੇਵ ਜੀ ਨੇ ਵੱਡੇ ਪੈਮਾਨੇ ਤੇ ਇਨ੍ਹਾਂ ਦਾ ਰੋਗ ਬਿਦਾਰਨ ਲਈ ਚਾਰ ਉਦਾਸੀਆਂ ਦਾ ਮਿਸ਼ਨ ਪੂਰਾ ਕੀਤਾ ਸੀ। ਰੋਗਾਂ ਦਾ ਘੇਰਾ, ਅਪਾਰ ਤੇ ਵਿਸ਼ਾਲ ਹੈ ਤੇ ਇਸ ਲੇਖ ਵਿਚ ਗੁਰਮਤਿ ਉਪਦੇਸ਼ ਦੀ ਰੋਸ਼ਨੀ ਵਿੱਚ ਸਰੀਰਕ ਰੋਗਾਂ ਬਾਰੇ ਵਿਚਾਰ ਸਾਂਝੀ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਗੁਰਦੇਵ ਪਿਤਾ ਜੀ ਨੇ ਸਾਨੂੰ ਸੰਤ ਨਹੀਂ, ਸੰਤ ਸਿਪਾਹੀ ਬਣਾਇਆ ਹੈ। ਸੰਤ ਇਕ ਫੁਲਵਾੜੀ ਵਿਚ ਕਲੀ ਸਮਾਨ ਹੈ, ਸੰਤ ਸਿਪਾਹੀ ਦੀ ਗੁਲਾਬ ਦੀ ਹੈਸੀਅਤ ਵਿੱਚ ਇੱਕ ਨਿਰਾਲੀ ਤੇ ਵੱਖਰੀ ਸ਼ਾਨ ਹੈ। ਇਕ ਅਰੋਗ ਸੰਤ ਸਿਪਾਹੀ ਖਾਲਸਾ ਪੰਥ ਦਾ ਵੱਡਮੁੱਲਾ ਸਰਮਾਇਆ ਹੈ। ਜੇ ਅਸੀਂ ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਨੂੰ ਹਿਰਦੇ ਵਿਚ ਵਸਾਈਏ ਤੇ ਕਮਾਈਏ ਤਾਂ ਰੋਗੀ ਹੋਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਉਪਦੇਸ਼ ਕਮਾਉਣਾ ਸਚੇ ਸਤਿਗੁਰੂ ਦੇ ਨਿਕਟ ਹੋਣ ਦੀ ਨਿਸ਼ਾਨੀ ਹੈ। ਮਿਲਾਪ ਵਿਚ ਅਰੋਗਤਾ ਤੇ ਵਿਛੋੜੇ ਵਿੱਚ ਧੂੜ ਸਮਾਨ ਗਿਰਾਵਟ ਹੈ। ਪਾਵਨ ਹੁਕਮ ਹੈ।

ਤਬ ਅਰੋਗ ਜਬ ਤੁਮ ਸੰਗਿ ਬਸਤੌ ਛੁਟਕਤ ਹੋਇ ਰਵਾਰੈ॥

(ਸਾਰੰਗ ਮ: ੫)

ਅਲੱਗ ਅਲੱਗ ਰੋਗਾਂ ਦੇ ਕਈ ਕਾਰਨ ਹਨ



www.AKJ.Org

ਪਰ ਸਭ ਤੋਂ ਮੁੱਖ ਕਾਰਨ ਰਸਾਂ ਕਸਾਂ ਵਿੱਚ ਗਲਤਾਨ ਹੋਣਾ ਹੈ। ਕੁਦਰਤੀ ਨਿਯਮਾਂ ਦੀ ਉਲੰਘਣਾ ਕਰਨਾ ਰੋਗਾਂ ਨੂੰ ਦਾਅਵਤ ਦੇਣਾ ਹੈ। ਰੋਗ ਬਹੁਤ ਅਣਖ ਵਾਲੇ ਹਨ, ਬਿਨ ਬੁਲਾਇਆ ਨਹੀਂ ਆਉਂਦੇ, ਸੱਦੇ ਤੇ ਆਉਂਦੇ ਹਨ ਪਰ ਜਾਂਦੇ ਆਪਣੀ ਮਰਜ਼ੀ ਨਾਲ ਹਨ। ਜਿੱਥੇ ਤਕ ਰੋਗਾਂ ਦੀ ਉਤਪਤੀ ਦਾ ਪ੍ਰਸ਼ਨ ਹੈ, ਪਸ਼ੂ ਪੰਛੀ ਬਹੁਤ ਘੱਟ ਬਿਮਾਰ ਹੁੰਦੇ ਹਨ ਤੇ ਇਸ ਪੱਖੋਂ ਇਨਸਾਨੀ ਜਾਤੀ ਇਨ੍ਹਾਂ ਤੋਂ ਬਹੁਤ ਨੀਵੀਂ ਹੈ। ਆਮ ਤੌਰ ਤੇ ਪਸ਼ੂ ਲੋੜ ਅਨੁਸਾਰ ਖਾਂਦੇ ਹਨ ਤੇ ਅਸੀਂ ਆਪਣੀ ਖਾਹਸ਼ ਅਨੁਸਾਰ ਕਿੰਨੀ ਸ਼ਰਮ ਤੇ ਲੱਜਾ ਦੀ ਗੱਲ ਹੈ ਜਦ ਸ਼ਰਫਲ ਮਖਲੁਕਾਤ, ਸਭ ਜੂਨੀਆ ਦਾ ਸਰਦਾਰ ਇਨਸਾਨ ਜੀਉਣ ਲਈ ਨਹੀਂ ਖਾਂਦਾ, ਖਾਣ ਲਈ ਜੀਉਂਦਾ ਹੈ। ਪਾਵਨ ਹੁਕਮ ਹੈ :-

**ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ॥੨॥** (ਮਲਾਰ ਮਹਲਾ ੧ਪੰਨਾ ੧੨੫੫)

ਦੁਨਿਆਵੀਂ ਰਸਾਂ ਵਿਚ ਗਲਤਾਨ ਬੰਦੇ ਨੂੰ ਭੋਗੀ ਆਖਿਆ ਗਿਆ ਹੈ। ਭੋਗ ਤੋਂ ਭ੍ਰਾਂਤ ਭ੍ਰਾਂਤ ਦੇ ਰੋਗ ਉਤਪੰਨ ਹੁੰਦੇ ਹਨ ਜਿਨ੍ਹਾਂ ਦੀ ਔਖਧੀ ਕਰਿ ਕਰਿ ਬੰਦਾ ਥਕ ਜਾਂਦਾ ਹੈ ਪਰ ਰੋਗ ਮਿਟਣ ਵਿਚ ਨਹੀਂ ਆਉਂਦੇ।

**ਅਉਖਧ ਕਰਿ ਥਾਕੀ ਬਹੁਤੇਰੇ।**
**ਕਿਉ ਦੁਖੁ ਚੂਕੇ ਬਿਨੁ ਗੁਰ ਮੇਰੇ॥**
(ਬਸੰਤ ਮਹਲਾ ੧ ਪੰਨਾ ੧੧੮੬)

ਐਸੀ ਦਸ਼ਾ ਵਿਚ ਧੀਰਜ ਬੰਧਾਉਣ ਵਾਲਾ ਕੋਈ ਨਹੀਂ ਕਿਉਂਕਿ ਸਚੇ ਗੁਰਦੇਵ ਬਿਨਾ ਕੋਈ ਵੀ ਰੋਗ ਬੁੱਝਣ ਤੇ ਪੀੜਾ ਕੱਟਣ ਦੇ ਸਮਰਥ ਨਹੀਂ ਹੈ।

**ਰੋਗੁ ਵਡੋ ਕਿਉਂ ਬਾਂਧਉ ਧੀਰਾ॥**
**ਰੋਗੁ ਬੁਝੈ ਸੋ ਕਾਟੈ ਪੀਰਾ॥** (ਪੰਨਾ ੧੧੮੯)

ਗੁਰਦੇਵ ਜੀ ਸਪਸ਼ਟ ਰੂਪ ਵਿਚ ਨਿਰਣਾ ਕਰਕੇ ਦੱਸਦੇ ਹਨ ਕਿ ਭੋਗੀ ਨੂੰ ਦੁਖ ਤੇ ਰੋਗ ਅਵੱਸ਼ ਮਿਲਣਾ ਹੈ, ਉਸ ਦੇ ਅਜਿਹੇ ਕਰਮ ਹਨ ਕਿ ਇਸ ਦੇ ਫਲ ਤੋਂ ਬਚਣਾ ਕਤਈ ਮੁਸ਼ਕਲ ਹੈ।

**ਭੋਗੀ ਕਉ ਦੁਖੁ ਰੋਗ ਵਿਆਪੈ॥**(ਪੰਨਾ੧੧੮੯)

ਅਗਨੀ ਨੂੰ ਕਿਸੀ ਭੀ ਭਾਵਨਾ ਨਾਲ ਸਪਰਸ਼ ਕਰੀਏ, ਇਸ ਦਾ ਕਰਮ ਸਾੜਨਾ ਤੇ ਜਲਾਉਣਾ ਹੈ। ਇਵੇਂ ਹੀ ਸੰਸਾਰਕ ਰਸਾਂ ਦਾ ਭੋਗੀ ਬੇਸਮਝ ਹੈ ਜਾ ਅਗਿਆਨੀ, ਵਿਸ਼ਈ ਹੈ ਜਾਂ ਜ਼ਾਲਮ, ਲਾਲਚੀ ਹੈ ਜਾਂ ਭੋਲਾ ਭਾਲਾ, ਆਪਣਾ ਬੀਜਿਆ ਆਪ ਹੀ ਕਟੇਗਾ "ਜੇਹਾ ਬੀਜੈ ਸੁ ਲੁਣੈ ਕਰਮਾਂ ਸੰਦੜਾ ਖੇਤੁ"॥ ਗੁਰਦੇਵ ਜੀ ਨੇ ਐਸੇ ਪੁਰਸ਼ ਨੂੰ ਮੂਰਖ ਆਖਿਆ ਹੈ ਜਿਹੜਾ ਲੰਮੀ ਨਦਰਿ ਤੋਂ ਸੱਖਣਾ ਤੇ ਕੋਰਾ ਹੈ।

**ਮੂਰਖੁ ਭੋਗੇ ਭੋਗੁ ਦੁਖ ਸਬਾਇਆ॥**
**ਸੁਖਹੁ ਉਠੇ ਰੋਗ ਪਾਪ ਕਮਾਇਆ॥**
(ਪਉੜੀ ਪੰਨਾ ੧੩੯)

ਝੂਠੇ ਤੇ ਥੋੜੇ ਚਿਰੇ ਸੁੱਖ ਤੋਂ ਰੋਗ ਉਤਪੰਨ ਹੋਣ ਬਾਰੇ ਸਤਿਗੁਰੂ ਨਾਨਕ ਦੇਵ ਜੀ ਦਾ ਵੀ ਫੁਰਮਾਨ ਹੈ- ਦੁਖ ਦਾਰੂ ਸੁਖੁ ਰੋਗੁ ਭ ਇਆ ਜਾਂ ਸੁਖੁ ਤਾਮਿ ਨ ਹੋਈ॥ (ਸਲੋਕ ਮ:੧ ...ਆਸਾ ਕੀ ਵਾਰ)

ਅਕਾਲ ਪੁਰਖ ਨੇ ਪੰਜ ਗਿਆਨ ਇੰਦ੍ਰੀਆਂ ਇਸ ਲਈ ਬਣਾਈਆਂ ਹਨ ਕਿ ਉਨ੍ਹਾਂ ਦੁਆਰਾ ਜੀਵ ਹਰੇਕ ਕਿਸਮ ਦਾ ਗਿਆਨ ਪ੍ਰਾਪਤ ਕਰ ਸਕੇ। ਇਹ ਕੇਵਲ ਗਿਆਨ ਪ੍ਰਾਪਤੀ ਦੇ ਸਾਧਨ ਨਹੀਂ, ਚੌਕੀਦਾਰ ਤੇ ਦਰਬਾਨ ਭੀ ਹਨ, ਦਿਲ ਪ੍ਰਚਾਵੇ ਤੇ ਐਸ਼ ਪ੍ਰਸਤੀ ਦੇ ਸੋਮੇ ਭੀ ਹਨ। ਇਹ ਜੀਵ ਦੇ ਅਧੀਨ ਹੋ ਕੇ ਸੁੱਚਜੇ ਕਾਰਜ ਭੀ ਕਰਦੀਆਂ ਹਨ ਤੇ ਆਕੀ ਹੋ ਕੇ ਘਾਤਕ ਭੀ ਸਿੱਧ ਹੁੰਦੀਆਂ ਹਨ। ਜੇ ਸਤਿਗੁਰੂ ਦੀ ਓਟ ਤੇ ਬਖਸ਼ਸ਼ ਨ ਹੋਵੇ ਤਾਂ ਇਹ ਇੰਦ੍ਰੀਆਂ ਬੰਦੇ ਨੂੰ ਆਪਣੇ ਰਸ ਵਿਚ ਉਲਝਾ ਕੇ ਰੋਗ ਤੇ ਤਬਾਹੀ ਵਲ ਧਕੇਲਦੀਆਂ ਹਨ। ਕੰਨਾਂ ਦੇ ਸੁਣਨ ਦੇ ਰਸ, ਅੱਖਾਂ ਦੀ ਦ੍ਰਿਸਟਿ ਰਸ, ਨੱਕ ਦੇ ਗੰਧ ਰਸ, ਜਿਹਬਾ ਦੇ ਸੁਆਦ ਰਸ ਤੇ ਚਮੜੀ ਦੇ ਸਪਰਸ਼-ਰਸ ਵਿਚ ਡੁੱਬਣ ਵਾਲਾ ਬੰਦਾ ਸਰੀਰਕ ਤੇ ਮਾਨਸਕ ਰੋਗਾਂ ਦਾ ਸ਼ਿਕਾਰ ਨਾ ਹੋਵੇ ਤਾਂ ਕੀ ਹੋਵੇ। ਜਾਨਵਰਾਂ ਦਾ ਇੱਕ ਇੱਕ ਰੋਗ ਹੀ, ਉਨ੍ਹਾਂ ਦੀ ਸੁੰਤਤਰਤਾਂ ਤੇ ਜੀਵਨ ਨੂੰ ਬਰਬਾਦ ਕਰਦਾ ਹੈ ਪਰ ਇਨਸਾਨ ਵਿਚ ਹੀ, ਸਾਰੇ ਹੀ ਜਾਨਵਰਾਂ ਦੇ ਰੋਗ ਸਮਾਏ ਹੋਏ ਹਨ। ਇਸ ਦਾ ਅੰਤ ਕੀ ਹੋਵੇਗਾ, ਬੰਦੇ ਨੂੰ ਜਾਨਣ ਦੀ ਲੋੜ ਹੀ ਨਹੀਂ, ਵਰਤਮਾਨ ਦੇ ਸੁੱਖਾਂ ਵਿਚ ਏਨਾ ਲੀਨ ਹੈ ਕਿ ਭਵਿਖ ਦੀ ਕੋਈ ਚਿੰਤਾਂ ਨਹੀਂ। ਗੁਰਦੇਵ ਜੀ ਦਾ ਹੁਕਮ ਹੈ।

ਭੈਰਉ ਮਹਲਾ ੫॥
ਹਉਮੈ ਰੋਗੁ ਮਾਨੁਖ ਕਉ ਦੀਨਾ॥ਕਾਮ ਰੋਗਿ ਮੈਗਲੁ


www.AKJ.Org

ਬਸਿ ਲੀਨਾ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥ ਨਾਦ ਰੋਗਿ ਖਪਿ ਗਏ ਕੁਰੰਗਾ॥੧॥ ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥੧ਰਹਾਉ॥ ਜਿਹਵਾ ਰੋਗਿ ਮੀਨੁ ਗ੍ਰਸਿਆਨੋ॥ ਬਾਸਨ ਰੋਗਿ ਭਵਰੁ ਬਿਨਸਾਨੋ॥ ਹੇਤ ਰੋਗ ਕਾ ਸਗਲ ਸੰਸਾਰਾ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥ ਰੋਗੇ ਮਰਤਾ ਰੋਗੇ ਜਨਮੈ॥ ਰੋਗੇਫਿਰਿ ਫਿਰਿ ਜੋਨੀ ਭਰਮੈ॥ ਰੋਗਬੰਧ ਰਹਨੁ ਰਤੀ ਨ ਪਾਵੈ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥੩॥ ਪਾਰਬ੍ਰਹਮਿ ਜਿਸੁ ਕੀਨੀ ਦਇਆ॥ ਬਾਹ ਪਕੜਿ ਰੋਗਹੁ ਕਢਿ ਲਇਆ॥ ਤੂਟੇ ਬੰਧਨ ਸਾਧ ਸੰਗੁ ਪਾਇਆ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ॥

(ਪੰਨਾ ੧੧੪੦-੧੧੪੪)

ਇਸ ਮਹਾਂ ਵਾਕ ਵਿਚ ਵਿਸ਼ੇਸ਼ ਤੌਰ ਤੇ ਗਿਆਨ ਇੰਦ੍ਰੀਆਂ ਦੇ ਰੋਗਾਂ ਦੀ ਝਲਕ ਦਿਖਾਈ ਦਿੰਦੀ ਹੈ। ਅਧਿਕਤਰ ਰੋਗਾਂ ਦਾ ਜਨਮ-ਦਾਤਾ ਜੀਭ ਦਾ ਸੁਆਦ ਹੈ। ਇਹ ਸੁਆਦ ਰੋਗਾਂ ਨੂੰ ਸਹੇੜਦਾ ਭੀ ਹੈ ਤੇ ਮੌਤ ਵਲ ਧਕੇਲਦਾ ਵੀ ਹੈ। ਕਈ ਵਾਰ ਬੰਦਾ ਸੁਆਦ ਵਿਚ ਏਨਾ ਮਸਤ ਹੁੰਦਾ ਹੈ ਕਿ ਆਪਣੀ ਜਮੀਰ ਦੀ ਆਵਾਜ ਜਾਂ ਦਿਮਾਗ ਦੇ ਉਪਦੇਸ ਨੂੰ ਸੁਣਿਆ ਅਣਸੁਣਿਆ ਕਰਦਾ ਹੈ। ਜੀਵ ਦੇ ਅੰਦਰ ਖਿੱਚੋਤਾਣ ਭੀ ਉਤਪੰਨ ਹੁੰਦਾ ਹੈ। ਮਨ ਕੁਝ ਖਾਣਾ ਚਾਹੁੰਦਾ ਹੈ। ਜਾਂ ਅਧਿਕ ਖਾਣ ਦੀ ਚਾਹ ਹੈ, ਜੀਭ ਦੇ ਨਾਲ ਪਿਆਰ ਜੁ ਹੋਇਆ ਪਰ ਦਿਮਾਗ ਸਾਵਧਾਨ ਕਰਦਾ ਹੈ ਕਿ ਇਸ ਖਾਧੇ ਪੀਤੇ ਦਾ ਅੰਤ ਰੋਗ-ਭਰਿਆ, ਦੁਖਦਾਈ ਹੋਵੇਗਾ, ਪਰ ਅਫਸੋਸ ਕਿ ਇਹ ਸੰਘਰਸ਼ ਵਿਚ ਜਿਹਬਾ-ਰਸ ਦੀ ਜਿੱਤ ਹੁੰਦੀ ਹੈ ਤੇ ਵਿਵੇਕ ਬੁੱਧੀ, ਜੇ ਥੋੜੀ ਬਹੁਤ ਹੈ ਤਾਂ ਮੂੰਹ ਦੇ ਭਾਰ ਡਿਗਦੀ ਹੈ। ਇਸ ਰੋਗ ਨੂੰ ਮੱਛੀ ਦਾ ਦੋਸ਼ ਆਖਿਆ ਗਿਆ ਹੈ। ਮੂਰਖ, ਭੋਲੀ, ਅੰਨੀ, ਲੋਭੀ, ਮੱਛੀ ਇਕ ਮਾਸ ਦੇ ਟੁਕੜੇ ਦੀ ਖਾਤਰ ਜਾਲ ਵਿਚ ਫਸਦੀ ਹੈ ਤੇ ਤਤਕਾਲ ਤੜਪ ਤੜਪ ਕੇ ਪ੍ਰਾਣ ਤਿਆਗਦੀ ਹੈ। ਜਿਵੇਂ ਮੱਛੀ ਨਾਲ ਵਾਪਰਦੀ ਹੈ ਤਿਵੇਂ ਹੀ ਮਾਣਸ ਉਤੇ ਅਚਿੰਤਾ ਜਾਲ ਪੈਂਦਾ ਹੈ:-

ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ॥ ਬਹੁਤ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ॥ (ਸੋਰਠਿ ਮਹਲਾ ੫-ਪੰਨਾ ੬੧੬)

ਐ ਪਿਆਰੇ ਜੀਵ, ਤੂੰ ਹੋਰਨਾ ਵਲ ਵੀ ਤੱਕ, ਜੋ ਉਹਨਾ ਨਾਲ ਵਾਪਰੀ ਹੈ, ਤੇਰੇ ਨਾਲ ਵੀ ਵਾਪਰੇਗੀ। ਜਿਨ੍ਹਾਂ ਨੇ ਸੁਆਦੀ ਤੇ ਮਿੱਠੇ ਪਦਾਰਥ ਕੇਵਲ ਜਿਹਬਾ ਦੀ ਤ੍ਰਿਪਤੀ ਲਈ ਖਾਧੇ ਉਨ੍ਹਾਂ ਦੇ ਸਰੀਰ ਰੋਗੀ ਬਣ ਗਏ। ਇਹ ਮਿੱਠੇ ਪਦਾਰਥ ਅੰਤ ਨੂੰ ਕੌੜੇ ਤੇ ਦੁਖਦਾਈ ਬਣ ਗਏ। ਰੋਗ ਤੋਂ ਸੋਗ ਦੀ ਉਪਜ ਹੋ ਗਈ।

ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ॥ ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ॥

(ਸੋਰਠਿ ਮਹਲਾ ੫ ਪੰਨਾ ੬੪੦-੬੪੧)

ਮੱਖੀ ਗੁੜ ਜੈਸੀ ਮਿੱਠੀ ਵਸਤੂ ਤੇ ਬੈਠ ਕੇ ਆਪਣੇ ਪਰਾਂ ਨੂੰ ਲਬੇੜ ਕੇ ਆਪਣੇ ਆਪ ਨੂੰ ਫਸਾਉਂਦੀ ਹੈ ਤੇ ਉਡੱਣ ਜੋਗੀ ਨਹੀਂ ਰਹਿੰਦੀ। ਇਸ ਤਰ੍ਹਾਂ ਦਾ ਅੰਤ ਕਈ ਬੰਦਿਆਂ ਦਾ ਵੀ ਹੁੰਦਾ ਹੈ, ਖਾਸ ਤੌਰ ਤੇ ਸ਼ੱਕਰ ਦੇ ਰੋਗੀਆਂ ਦਾ। ਗੁਰਮਤਿ ਤੇ ਮਨਮਤਿ ਵਿਚ ਇਕ ਅੰਤਰ ਇਹ ਹੈ ਕਿ ਗੁਰਮਤਿ ਗ੍ਰਹਿਣ ਕਰਨ ਵਾਲੇ ਨੂੰ ਜ਼ਿੰਦਗੀ ਤੇ ਮਨਮਤਿ ਗ੍ਰਹਿਣ ਕਰਨ ਵਾਲੇ ਨੂੰ ਮੌਤ ਨਸੀਬ ਹੁੰਦੀ ਹੈ। ਸਤਿਗੁਰੂ ਦੀ ਸੇਵਾ ਸਫਲ ਹੈ ਪਰ ਜਿਹੜੇ ਮਨਮੁਖ, ਪਰਮ ਸੇਵਾ ਤਿਆਗ ਕੇ ਕੇਵਲ ਖਾਣ ਪੀਣ ਤੇ ਹੰਢਾਉਣ ਨੂੰ ਹੀ ਆਪਣਾ ਮਨੋਰਥ ਸਮਝਦੇ ਹਨ। ਉਹਨਾਂ ਪ੍ਰਤੀ ਬਹੁਤ ਕਰੜੇ ਬਚਨ ਹਨ:-

ਜੋ ਬਿਨ ਸਤਿਗੁਰ ਸੇਵੇ ਖਾਂਦੇ ਪੈਨਦੇ ਸੇ ਮੂਏ ਮਰਿ ਜੰਮੇ ਕੋੜੇ॥

(ਗਉੜੀ ਕੀ ਵਾਰ ਮਹਲਾ ੪-ਪਉੜੀ ਪੰਨਾ ੩੦੬)

ਮਹਾਂਪੁਰਸ਼ਾਂ ਦੀ ਸਪਰਸ਼ ਕਲਾ ਨਵ-ਜੀਵਨ ਪਰਦਾਨ ਕਰਨ ਦੇ ਸਮਰਥ ਹੈ। ਜਿਸ ਮਸਤਕ ਨੂੰ ਉਨ੍ਹਾਂ ਦੇ ਚਰਨਾਂ ਦੀ ਛੂਹ ਮਿਲਦੀ ਹੈ, ਉਸਦੇ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ। ਕਲਗੀਧਰ ਪਾਤਸ਼ਾਹ ਜੀ ਦੀ ਬਖਸ਼ਸ਼ ਭਰੀ ਥਾਪੀ ਨੇ ਪਾਪੀਆਂ ਨੂੰ ਧਰਮੀ, ਬੁਜ਼ਦਿਲਾਂ ਨੂੰ ਸ਼ੇਰਦਿਲ, ਨਾਸਤਕਾਂ ਨੂੰ ਆਸਤਕ, ਨਿਰਬਲਾਂ ਨੂੰ ਬਲਵਾਨ ਬਣਾਇਆ ਸੀ। ਪਰ ਮਨਮੁਖਾਂ ਨੂੰ ਇਹਨਾ ਬਖਸ਼ਸ਼ਾਂ ਦੀ ਕੋਈ ਸਾਰ ਨਹੀਂ। ਉਸ ਉਤੇ ਹਾਥੀ ਦੇ ਕਾਮ-ਰਸ ਦਾ ਜਾਦੂ ਚੱਲਿਆ ਹੋਇਆ ਹੈ ਜਿਸ ਦੇ ਅਧੀਨ ਉਹਨਾਂ ਦੀ ਬਦਫਿਹਲੀਆਂ ਦੁਆਰਾ ਐਸੇ ਅਸਾਧ



www.AKJ.Org

ਰੋਗ ਵਿਆਪਦੇ ਹਨ ਜਿਹਨਾਂ ਤੇ ਕਿਸੀ ਔਸ਼ਧੀ ਦਾ ਅਸਰ ਨਹੀਂ ਹੁੰਦਾ। ਸਤਿਗੁਰੂ ਦਾ ਪਾਵਨ ਬਚਨ ਨਿਰੋਲ, ਸੱਚਾ ਤੇ ਢੁਕਵਾ ਹੈ।

ਕਾਮ ਕ੍ਰੋਧੁ ਕਾਇਆ ਕਉ ਗਾਲੈ॥
ਜਿਉਂ ਕੰਚਨ ਸੋਹਾਗਾ ਢਾਲੈ॥
(ਰਾਮਕਲੀ ਮਹਲਾ ੧-ਦਖਣੀ ਓਅੰਕਾਰ ਪੰਨਾ ੯੩੨)

ਬੰਦਾ ਕਈ ਵਾਰ ਪਰਮਾਤਮਾ ਤੇ ਗਿਲਾ ਕਰਦਾ ਹੈ ਕਿ ਉਸ ਨਾਲ ਇਨਸਾਫ ਨਹੀਂ ਹੋ ਰਿਹਾ। ਆਪਣੇ ਕਰਮਾਂ ਦਾ ਫਲ ਸਮਝਣ ਦੀ ਬਜਾਏ, ਉਸ ਨਾਲ ਹੋ ਰਹੀ ਵਧੀਕੀ ਜਾਂ ਤਕਲੀਫ ਦਾ ਰੋਣਾ ਰੋਂਦਾ ਹੈ ਜਦ ਕਿ ਸਚਾਈ ਇਹ ਹੈ ਕਿ ਜੇ ਪਰਮਾਤਮਾ ਸਾਡੇ ਨਾਲ ਨਿਆਂ ਕਰੇ ਤੇ ਚੰਗੇ-ਮਾੜੇ ਕਰਮਾਂ ਦਾ ਫਲ ਤਤਕਾਲ ਦੇਣ ਲਗ ਪਵੇ ਤਾਂ ਸਾਡੀ ਕੰਨਾਂ ਦੀ ਸੁਨਣ-ਸ਼ਕਤੀ ਖੋਹ ਲਵੇ, ਨਾਮ ਨਾ ਜੱਪਣ ਵਾਲੀ ਤੇ ਨਿੰਦਿਆ ਕਰਨ ਵਾਲੀ ਜਿਹਬਾ ਨੂੰ ਖੰਡ ਖੰਡ ਕਰ ਦੇਵੇ, ਪਰਦ੍ਰਿਸਟਿ-ਵਿਕਾਰ ਦੀ ਜੋਤਿ ਖਿੱਚ ਖਿੱਚ ਲਵੇ। ਤਾਂ ਤੇ ਸਾਨੂੰ ਇਨਸਾਫ ਦੀ ਨਹੀਂ, ਬਖਸ਼ਸ਼ ਪ੍ਰਾਪਤੀ ਦੀ ਅਰਦਾਸ ਕਰਨੀ ਬਣਦੀ ਹੈ। ਬਖਸ਼ਸ਼ ਲਈ ਆਪਣੀ ਕਮਜ਼ੋਰੀ, ਭੁੱਲ ਤੇ ਅਉਗੁਣ ਭਰੀ ਦ੍ਰਿਸਟੀ ਨੂੰ ਪਰਵਾਨ ਕਰਨਾ ਨੇਕ ਨੀਅਤੀ ਦੀ ਸੂਚਕ ਹੈ। ਅਸੀਂ ਮੰਨੀਏ ਜਾਂ ਨਾ ਮੰਨੀਏ, ਇਸ ਵਿਚ ਕੀ ਫਰਕ ਪੈਂਦਾ ਹੈ ਜਦ ਕਿ ਦਾਤਾਰ ਪਿਤਾ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਾਡੀਆਂ ਅਖੀਆਂ ਸੁੰਦਰਤਾ ਤੱਕ ਤੱਕ ਰੱਜਦੀਆਂ ਨਹੀਂ। ਪਾਵਨ ਹੁਕਮ ਹੈ:-

ਰੂਪੀ ਭੁਖ ਨ ਉਤਰੈ ਜਾ ਦੇਖਾ ਤਾ ਭੁਖ॥
ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥
(ਮ:੧-ਪੰਨਾ ੧੨੮੭)

ਨਿਰਸੰਦੇਹ ਦੁਨਿਆਵੀ ਸੁੱਖ ਭੋਗਣ ਵਾਲਾ, ਫਿਲਮੀ ਤੇ ਗੰਦੇ ਗਾਣਿਆਂ ਦਾ ਸ਼ੁਦਾਈ, ਸੁੰਦਰਤਾ ਤੱਕਣ ਦਾ ਮਤਵਾਲਾ, ਤੇ ਕੁਸੰਭੜੇ ਜੈਸੇ ਰੰਗਾਂ ਵਿਚ ਮਨ ਪਰਚਾਵਣ ਵਾਲਾ ਜੀਵ, ਅਨਿਕ ਭਾਂਤ ਦੇ ਰੋਗ ਸੋਗ ਤੇ ਵਿਛੋੜੇ ਦੀ ਪੀੜਾ ਵਿਚ ਦੁਖੀ ਰਹਿੰਦਾ ਹੈ ਤੇ ਉਸ ਨੂੰ ਸੁਪਨੇ ਵਿਚ ਵੀ ਸੁੱਖ ਦੀ ਝਲਕ ਪ੍ਰਾਪਤ ਨਹੀਂ ਹੁੰਦੀ।

ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣ :॥
ਰੋਗ ਸੋਗ ਬਿਓਗੰ ਨਾਨਕ ਸੁਖ ਨ ਸੁਪਨਹ॥੨੪॥
(ਮਹਲਾ ੫ ਗਾਥਾ ੧੩੬੦-੬੧)

ਜਦ ਹਰੇਕ ਬੰਦਾ ਅਰੋਗ ਰਹਿਣਾ ਚਾਹੁੰਦਾ ਹੈ ਤਾਂ ਉਹ ਬਿਮਾਰ ਕਿਉਂ ਹੁੰਦਾ ਹੈ? ਸਭ ਕਿਛ ਜਾਣਦਾ ਹੋਇਆ ਭੀ ਗਲਤੀਆਂ ਕਿਉਂ ਕਰਦਾ ਹੈ? ਉਹ ਕਿਉਂ ਏਨਾ ਬੇਬਸ ਹੈ ਕਿ ਪੰਜਾਂ ਦੇ ਨਚਾਇਆਂ ਨੱਚੀ ਜਾਂਦਾ ਹੈ? ਇਸ ਦਾ ਉੱਤਰ ਤਾਂ ਸਾਰੇ ਦੇ ਸਕਦੇ ਹਨ ਪਰ ਤਸੱਲੀ-ਬਖਸ਼ ਉੱਤਰ ਪ੍ਰਾਪਤ ਕਰਨਾ ਸੌਖਾ ਨਹੀਂ।

ਗੁਰਦੇਵ ਜੀ ਕਾਮਲ ਰੱਬੀ ਵੈਦ ਹਨ। ਆਪ ਜੀ ਦਾ ਰੋਗਾਂ ਬਾਰੇ ਦ੍ਰਿਸ਼ਟੀ ਕੋਣ ਬਿਲਕੁਲ ਨਿਆਰਾ, ਬੇਗਰਜ, ਢੁੱਕਵਾਂ, ਸਫਲ ਤੇ ਸਰਲ ਹੈ। ਗੁਰ ਫੁਰਮਾਨ ਹੈ।

ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥ ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ॥
(ਮਲਾਰ ਮਹਲਾ ੧-ਪੰਨਾ ੧੨੫੬)

ਕਿੰਨਾ ਅਰਥ ਭਰਪੂਰ ਉਪਦੇਸ ਹੈ ਕਿ ਖਸਮ ਵਿਸਾਰਨ ਤੇ ਰਸਾਂ ਕਸਾਂ ਵਿਚ ਖੱਚਤ ਹੋਣ ਨਾਲ ਸਰੀਰ ਵਿੱਚ ਰੋਗ ਉਠ ਖਲੋਂਦੇ ਹਨ। ਮਨੋ ਵਿਗਿਆਨਕ ਦ੍ਰਿਸ਼ਟੀ ਅਨੁਸਾਰ ਪਰਮਾਤਮਾ ਨੂੰ ਭੁਲਾਉਣ ਵਾਲਾ ਜੀਵ ਰੱਬੀ ਗੁਣਾਂ ਤੋਂ ਮਹਿਰੂਮ ਰਹਿੰਦਾ ਹੈ। ਆਪ ਹੁਦਰਾ-ਪਨ, ਮਨਮਤਿ, ਹਉਮੈ, ਮਮਤਾ, ਮੋਹ, ਖੁਦਗਰਜ਼ੀ ਜੈਸੇ ਅਉਗੁਣ ਬਿਨਾ ਰੋਕ-ਟੋਕ ਦੇ ਹਿਰਦੇ ਵਿਚ ਪਰਵੇਸ਼ ਕਰਦੇ ਹਨ। ਨਾਮ ਤੋਂ ਸੱਖਣਾ ਹੋਣ ਕਰਕੇ ਉਸ ਨੂੰ ਨਾਮ-ਰਸ ਦੇ ਸੁਆਦ ਦੀ ਸੋਝੀ ਹੋ ਹੀ ਨਹੀਂ ਸਕਦੀ। ਉਸ ਨੂੰ ਤਜਰਬਾ ਹੀ ਨਹੀਂ ਕਿ ਸੰਸਾਰਕ ਰਸਾਂ ਤੋਂ ਉੱਪਰ ਇੱਕ ਮਿੱਠਾ ਨਾਮ-ਰਸ ਭੀ ਹੈ। ਬਾਕੀ ਗੱਲਾਂ ਥੱਲੇ ਦੀਆਂ ਹਨ। ਵਿਛੜੇ ਹੋਏ ਛੁੱਟੜ ਪ੍ਰਾਣੀ ਦੀ ਦਸ਼ਾ ਧੂੜ ਸਮਾਨ ਹੈ।

ਤਬ ਅਰੋਗ ਜਬ ਤੁਮ ਸੰਗ ਬਸਤੇ ਛੁਟਕਤ ਹੋਇ ਰਵਾਰੈ॥

ਐਸੇ ਰੋਗੀ ਦਾ ਗਿਲਾ ਸ਼ਿਕਵਾ ਬਿਲਕੁਲ ਨਿਰਮੂਲ ਹੈ। ਇਹ ਉਸਦੇ ਆਪਣੇ ਕਰਮਾਂ ਦਾ ਫਲ ਹੈ। ਕਿਸੇ ਨੂੰ ਦੋਸ਼ੀ ਠਹਿਰਾਉਣਾ ਆਪਣੇ ਸਿਰ ਅਉਗਣਾਂ ਦੀ ਗੰਢ ਦਾ ਭਾਰ ਉਠਾਉਣਾ ਹੈ। ਸਤਿਗੁਰੂ ਅਰਜਨ ਦੇਵ ਜੀ ਉਸ ਜੀਵ ਦੀ ਗਲਤ ਫਹਿਮੀ ਦੂਰ ਕਰਨ ਲਈ ਹੇਠ ਲਿਖੇ ਬਚਨ ਉਚਾਰਨ ਕਰਦੇ ਹਨ।


www.AKJ.Org

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
(ਬਾਰਹਮਾਹਾ ਮਾਂਝ ਮਹਲਾ੫-ਪੰਨਾ ੧੩੫)

ਏਥੇ ਹੀ ਬੱਸ ਨਹੀਂ, ਅਕ੍ਰਿਤਘਨ ਤੇ ਨਾ ਸ਼ੁਕਰਾ ਬੰਦਾ ਹੋਰ ਵੀ ਗੰਭੀਰ ਰੋਗਾਂ ਦਾ ਭਾਗੀ ਹੈ। ਸਰੀਰ ਵਿਚ ਐਸੇ ਅਸਾਧ ਰੋਗ ਉਤਪਨ ਹੁੰਦੇ ਹਨ ਜਿਹੜੇ ਕਿ ਔਸ਼ਧੀ ਨਾਲ ਹਟਾਇਟਾ ਨਹੀਂ ਹਟਦੇ। ਭਾਰੀ ਹਟਾਇਆਂ ਨਹੀਂ ਹਟਦੇ।

ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ॥ ਪ੍ਰਭ ਬਿਸਰਤੁ ਮਹਾ ਦੁਖੁ ਪਾਇਓ ਇਹੁ ਨਾਨਕ ਤਤੁ ਬੀਚਾਰਿਓ॥ (ਮਾਰੂ ਮਹਲਾ-੧੦੦੧)

ਗੁਰਦੇਵ ਜੀ ਨੇ ਤੱਤ ਵਿਚਾਰ ਕੇ ਹੁਕਮ ਬਖਸ਼ਿਆ ਹੈ ਕਿ ਮਨਮੁਖਾਂ ਨੂੰ ਲਾਇਲਾਜ਼ ਰੋਗ ਵਾਪਰਦੇ ਹਨ।

ਕਦੇ ਕਦੇ ਸੱਜਣ ਪੁਰਸ਼ ਦੁਖੀ ਤੇ ਰੋਗੀ ਤੇ ਦੁਰਜਨ ਪੁਰਸ਼ ਸੁਖੀ ਤੇ ਆਰੋਗ ਦਿਖਾਈ ਦਿੰਦੇ ਹਨ, ਬੇਸ਼ਕ ਇਹ ਵੀ ਆਪਣੇ ਕਰਮਾਂ ਦਾ ਫਲ ਹੈ ਪਰ ਸਾਨੂੰ ਇਹ ਗੱਲ ਸਮਝ ਨਹੀਂ ਆਉਂਦੀ। ਦਾਤਾਰ ਪਿਤਾ ਜੀ ਸਾਡਾ ਭੁਲੇਖਾ ਦੂਰ ਕਰਨ ਲਈ ਫੁਰਮਾਉਂਦੇ ਹਨ ਕਿ ਜਿਹਨਾਂ ਪੁਰਸ਼ਾ ਦੇ ਹਿਰਦੇ ਵਿੱਚ ਪ੍ਰਭੂ ਦਾ ਸਿਮਰਨ ਹੈ। ਉਹ ਆਪਣੀ ਪੀੜਾ ਨੂੰ ਵਾਹਿਗੁਰੂ ਦੀ ਬਖਸ਼ਸ਼ ਸਮਝਦੇ ਹਨ ਤੇ ਮਾਨਸਕ ਤੌਰ ਤੇ ਸੁਖੀ ਹਨ ਤੇ ਦੁਖਾਂ ਨੂੰ ਅੰਮ੍ਰਿਤ ਸਮ ਪੀਵਨ ਨਾਲ ਦੁਬਾਰਾ ਦੁਖ ਨਹੀਂ ਪਾਉਂਦੇ। ਪਰ ਪ੍ਰਭੂ ਬਿਸਾਰਨ ਵਾਲੇ ਦਾ ਰੋਗ ਅਜੇ ਪ੍ਰਗਟ ਨਹੀਂ ਹੋਇਆ, ਉਹ ਅੱਜ ਸਾਨੂੰ ਅਰੋਗ ਦਿਖਾਈ ਦਿੰਦਾ ਹੈ ਪਰ ਵਾਸਤਵ ਵਿੱਚ ਮਹਾਂ ਰੋਗੀ ਹੈ।

ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸ੍ਯ ਸਿਮਰਣ ਰਿਦੰਤਰਹ॥
ਅਰੋਗੰ ਮਹਾ ਰੋਗੰ ਬਿਸਿਮ੍ਰਿਤੇ ਕਰੁਣਾਮਯਧਹ॥੨੫॥
(ਸਲੋਕ ਸਹਸਕ੍ਰਿਤੀ ਮਹਲਾ ੫-੧੩੫੬)

---


**ਸੂਰਾ ਪੱਤਰ ਇੰਟਰਨੈਟ ਤੇ**

ਗੁਰਮਤਿ ਪ੍ਰਚਾਰ ਦੇ ਹੋਰ ਪ੍ਰਸਾਰ ਲਈ ਪਾਠਕਾਂ ਦੀ ਸਹੂਲਤ ਲਈ ਸੂਰਾ ਪੱਤਰ ਨੂੰ ਇੰਟਰਨੈਟ ਤੇ ਪਾਇਆ ਜਾ ਰਿਹਾ ਹੈ, ਚਾਹਵਾਨ ਪਾਠਕ ਹੇਠ ਲਿਖੀ Computer keys ਲਗਾ ਕੇ ਸੂਰਾ ਪੱਤਰ ਨੂੰ ਇੰਟਰਨੈਟ ਤੇ ਪੜ੍ਹ ਸਕਦੇ ਹਨ :-
WWW. SURA-INTERNATIONAL.COM


(ਪੰਨਾ ੨੧ ਦਾ ਬਾਕੀ..)

ਪ੍ਰਾਇਣ ਜੀਵਨ ਬਿਤੀਤ ਕਰਨ ਵਾਲੇ "ਹਰਿ ਜਨ ਐਸਾ ਚਾਹੀਐ ਜੈਸਾ ਹਰਿ ਹੀ ਹੋਇ" ਐਸੇ ਖ਼ਾਲਸਾ ਜਨ ਸਨ, ਜਿਨ੍ਹਾਂ ਬਾਰੇ ਦਸਮੇਸ਼ ਪਿਤਾ ਜੀ ਕਹਿੰਦੇ ਹਨ- "ਖ਼ਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮੇਂ ਹਉ ਕਰਉ ਨਿਵਾਸ॥"

ਐਸੇ ਖ਼ਾਲਸਾ ਗੁਰਮੁਖ ਜਨਾਂ, ਸੰਤ ਜਨਾਂ ਦੇ ਅੰਦਰ ਗੁਰੂ ਦੀ ਜੋਤਿ ਦਾ ਪ੍ਰਕਾਸ਼ ਹਰ ਸਮੇ ਰਹਿੰਦਾ ਹੈ। ਉਹ ਆਪਣੀ ਅਵਸਥਾ ਨੂੰ ਜਣਾਉਂਦੇ ਨਹੀਂ। ਆਪਣੇ ਆਪ ਨੂੰ ਗੁਰਸਿਖ ਹੀ ਜਾਣਦੇ ਹਨ, ਉਹਨਾਂ ਨੂੰ ਇਹੀ ਮਾਣ ਵਡਿਆਈ ਕਰਤੇ ਪੁਰਖ ਵਲੋਂ ਮਿਲੀ ਹੋਈ ਹੁੰਦੀ ਹੈ। ਭਾਈ ਸਾਹਿਬ ਜੀ ਇਸ ਤਰ੍ਹਾਂ ਹੀ ਬਹੁ ਗੁਣ ਭਰਪੂਰ ਸਨ ਤੇ ਕਿਸੇ ਕਾਰਨ ਉਹ ਸੰਤ ਸਰੂਪ ਅਖਵਾਉਣ ਦੇ ਯੋਗ ਸਨ। ਪਰੰਤੂ ਇਹ ਵੀ ਇਕ ਮਹਾਨ ਖ਼ੂਬੀ ਉਹਨਾਂ ਵਿਚ ਸੀ ਕਿ ਉਹਨਾਂ ਆਪਣੇ ਆਪ ਨੂੰ ਸੰਤ ਨਹੀਂ ਕਹਾਇਆ ਅਤੇ ਨਾ ਹੀ ਪੈਰਾਂ ਨੂੰ ਮੱਥੇ ਟਿਕਾਏ। ਪੁਰਾਤਨ ਗੁਰਸਿਖਾਂ ਦੀ ਤਰ੍ਹਾਂ ਆਪਣੇ ਆਪ ਨੂੰ 'ਭਾਈ' ਹੀ ਕਹਾਇਆ ਹੈ। ਤੇ ਸੰਗਤਾਂ ਅਦਬ ਸਤਿਕਾਰ ਵਜੋਂ ਉਹਨਾਂ ਨੂੰ ਭਾਈ ਸਾਹਿਬ ਕਹਿੰਦੀਆਂ ਰਹੀਆਂ ਹਨ। ਦਾਸ ਨੇ ਬਹੁਤੇ ਸੰਤਾਂ ਮਹੰਤਾਂ ਦੇ ਇਸ਼ਤਿਹਾਰ ਦੇਖੇ ਹਨ, ਜਿਨ੍ਹਾਂ ਵਿਚ ਉਹ ਆਪਣੇ ਨਾਂ ਨਾਲ ਅੱਗੇ ਜਾਂ ਪਿਛੇ 'ਸੰਤ' ਸ਼ਬਦ ਜਾਂ ਹੋਰ ਕੋਈ ਉਪਨਾਮ ਲਿਖਵਾਉਂਦੇ ਹਨ, ਪਰੰਤੂ ਭਾਈ ਸਾਹਿਬ ਜੀ ਦੀਆਂ ਜੇਲ੍ਹ ਚਿਠੀਆਂ ਪੁਸਤਕ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਹਨਾਂ ਆਪਣੇ ਆਪ ਨੂੰ ਕੇਵਲ 'ਦਾਸ ਰਣਧੀਰ ਸਿੰਘ' ਹੀ ਲਿਖਿਆ ਹੈ। ਫਿਰ ਉਹ ਸੰਗਤ ਵਿਚ ਜਾਂ ਕਿਤੇ ਹੋਰ ਘਰ-ਬਾਹਰ ਗੁਰਸਿਖਾਂ ਦੀ ਸੰਗਤ ਕਰਦੇ ਸਮੇਂ ਕੋਈ ਅਲਹਿਦਾ, ਉਚ ਆਸਣ, ਗੱਦਾ ਗਦੇਲਾ ਲਾ ਕੇ ਨਹੀਂ ਬਹਿੰਦੇ ਸਨ। ਗੁਰਸਿਖਾਂ ਵਿਚ ਗੁਰੂ ਵਰਤਦਾ ਮੰਨਦੇ ਹੋਏ ਉਹਨਾਂ ਦੀ ਸੇਵਾ ਤੇ ਹੁਕਮ ਮੰਨਣ ਲਈ ਤਤਪਰ ਰਹਿੰਦੇ ਸਨ। ਇਹ ਗੱਲਾਂ ਅਖੌਤੀ ਸੰਤਾਂ ਵਿਚ ਨਹੀਂ ਮਿਲਦੀਆਂ। ਉਹਨਾਂ ਦੇ ਜੀਵਨ ਦੀਆਂ ਬੇਅੰਤ ਅਲੌਕਿਕ ਘਟਨਾਵਾਂ ਹਨ, ਜੋ ਉਹਨਾਂ ਨਮਿਤ ਲਿਖਣ ਲਈ ਵੇਗ ਬਹੁਤ ਹੈ, ਪਰ ਅਲਪ ਗੁਣੀ ਜੀਵ ਕਿਵੇਂ ਮਹਾਨ ਗੁਣਾਂ ਵਾਲੇ ਵਿਅਕਤੀ ਦੇ ਕ੍ਰਿਸ਼ਮਿਆਂ ਦੀ ਵਿਆਖਿਆ ਕਰ ਸਕਦਾ ਹੈ।



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

1. ਜੇਲ ਚਿਠੀਆਂ 60/-
੨. ਰੰਗਲੇ ਸੱਜਣ ੨5/-
3. ਅਣਡਿਠੀ ਦੁਨੀਆਂ ੨5/-
4. ਗੁਰਮਤਿ ਬਿਬੇਕ ੨6/-
5. ਗੁਰਮਤਿ ਲੇਖ ੨6/-
6. ਗੁਰਮਤਿ ਪ੍ਰਕਾਸ਼ 15/-
7. ਗੁਰਮਤਿ ਵਿਚਾਰ ੨0/-
8. ਗੁਰਮਤਿ ਗੌਰਵਤਾ 50/-
੭. ਸੰਤ ਪਦ ਨਿਰਣੈ 16/-
10. ਕਥਾ ਕੀਰਤਨ ੨0/-
11. ਸਚਖੰਡ ਦਰਸ਼ਨ 15/-
1੨. ਗੁਰਮਤਿ ਸਚਨਿਰਣੈ ੨੨/-
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ 1੨/-
14. ਗੁਰਮਤਿ ਨਾਮ ਅਭਿਆਸ ਕਮਾਈ ੨0/-
15. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ ੨0/-
16 ਗੁਰਮਤਿ ਅਧਿਆਤਮ ਕਰਮ ਫਿਲਾਸਫੀ -
17. ਚਰਨ ਕਮਲ ਕੀ ਮਉਜ 1੨/-
18. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ 1੨/-
19. ਅਨਹਦ ਸ਼ਬਦ ਦਸਮ ਦੁਆਰ ੨੨/-
੨0. *ਗੁਰਬਾਣੀ ਦੀਆਂ ਲਗਾ ਮਾਤ੍ਰਾਂ ਦੀ ਵਿਲੱਖਣਤਾ
੨1. *ਜੋਤਿ ਵਿਗਾਸ (ਮਹਾ ਕਾਵਿ)
੨੨. ਦਰਸ਼ਨ ਝਲਕਾ 1੨/-
੨3. ਅੰਮ੍ਰਿਤ ਕੀ ਹੈ 5/-
੨4 ਅੰਮ੍ਰਿਤ ਕਲਾਂ ੨/50
੨5. *ਗੁਰਮਤਿ ਰਮਜਾ
੨6. ਸਿਖ ਕੌਣ ਹੈ 1/50
੨7. ਸਚੀਆਂ ਦਾੜੀਆਂ 1/50
੨8. ਵਾਹਿਗੁਰੂ ਸਿਮਰਨ 1/50
੨9. ਉਮਰ ਕੈਦੀ ਦਾ ਸੁਪਨਾ 1/50
30. ਆਸਤਕਤੇ ਨਾਸਤਕ 1/-
31. ਸ਼ੰਕਿਆਂ ਦੇ ਉਤਰ 3/-
3੨. ਨਾਮ ਸੰਬਧੀ ਵਿਚਾਰ ੨/50
33. ਤਿਮਰ ਅਗਿਆਨ ਤੇ ਉਜਿਆਰਾ 1-
34. ਅਦ੍ਰਿਸ਼ਟ ਵਾਹਿਗੁਰੂ ਦੇ ਪਰਤਖ ਦਰਸ਼ਨ 1/50
35. ਸਿੰਘਾਂ ਦਾ ਪੰਥ ਨਿਰਾਲਾ ੨-
36. ਬਾਬਾ ਵੈਦ ਰੋਗੀਆਂ ਦਾ 1/50
37. ਕੋ ਵਿਰਲਾ ਗੁਰਮਤਿ ਚਲੈ ਜੀਉ 1/50
38. ਹਉਮੈ ਨਾਵੈ ਨਾਲਿ ਵਿਰੋਧੁ ਹੈ ੨-
40. *ਨਾਮ ਦਾ ਦਾਤਾ ਸਤਿਗੁਰੂ -
41. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ 1/50
4੨. ਸਿੱਖੀ ਸਿਦਕ ਤੇ ਧਰਮ ਰੱਖਿਆ 1/50
43. ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ ੨/50
44. ਗੁਰਮਤਿ ਅਨਹਦ ਸ਼ਬਦ 1/-

ਅਨੁਵਾਦਤ ਪੁਸਤਕਾਂ( Translated by Tarlochan Singh)

1. Auto Biography of Bhai Sahib Randhir Singh 70
" " " " " Paper Binding 45
੨. Meaning of Sikh Baptisom 12/-

ਨੋਟ 1. * ਨਿਸ਼ਾਨੀ ਵਾਲੀਆਂ ਪੁਸਤਕਾਂ ਸਟਾਕ ਵਿਚ ਨਹੀ ਹਨ।
੨. ਉਪਰ ਲਿਖੀਆਂ ਕੀਮਤਾਂ ਡਾਕ ਖਰਚ ਤੋਂ ਬਗੈਰ ਹਨ।
3. ਪੁਸਤਕਾਂ ਦੀ ਭੇਟਾ ਪਹਿਲਾਂ ਭੇਜੋ ਜੀ। ਵੀ. ਪੀ. ਪੀ. ਰਾਹੀਂ ਪੁਸਤਕਾਂ ਨਹੀਂ ਭੇਜੀਆਂ ਜਾਣਗੀਆਂ।

ਪੁਸਤਕਾਂ ਮਿਲਣ ਦਾ ਪਤਾ :-
ਸਬ-ਆਫ਼ਿਸ ਸੂਰਾ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ

## ਅਖੰਡ ਕੀਰਤਨੀ ਜੱਥਾ (ਚਲਦਾ ਵਹੀਰ) ਯੂ: ਕੇ ਵਲੋਂ ਗੁਰਮਤਿ ਪ੍ਰਚਾਰ ਸਮਾਗਮ

1. 13 ਤੋਂ 19 ਜੁਲਾਈ ਬੱਚਿਆਂ ਦਾ ਗੁਰਮਤਿ ਕੈਂਪ ਅਤੇ ਅੰਮ੍ਰਿਤ ਸੰਚਾਰ ਪੈਰਿਸ (ਫਰਾਂਸ) ਵਿਖੇ।
ਪੁਛਗਿਛ :- ਭਾਈ ਚੈਨ ਸਿੰਘ ਜੀ ਫੋਨ : 1-34193951

੨. ੨0 ਤੋਂ ੨6 ਜੁਲਾਈ ਗੁਰਮਤਿ ਕੈਂਪ ਅਤੇ ਅੰਮ੍ਰਿਤ ਸੰਚਾਰ ਸਵੀਡਨ ਵਿਖੇ।
ਪੁਛਗਿਛ : ਭਾਈ ਦਰਸ਼ਨ ਸਿੰਘ ਫੋਨ: 08-778505੨

3. ੨7 ਜੁਲਾਈ ਤੋਂ ੨ ਅਗਸਤ ਗੁਰਮਤਿ ਕੈਂਪ ਫਰੈਂਕ ਫੋਰਟ (ਜਰਮਨ) ਵਿਖੇ।
ਪੁਛਗਿਛ : ਭਾਈ ਸੁਰਿੰਦਰ ਸਿੰਘ ਭਿੰਡਰ ਫੋਨ : 06746885੨

4. 8 ਤੋਂ 9 ਅਗਸਤ ਰੈਣਿ ਸਬਾਈ ਅਤੇ ਅੰਮ੍ਰਿਤ ਸੰਚਾਰ ਗੁਰੂ ਨਾਨਕ ਗੁਰਦੁਆਰਾ ਲਿਵਰਪੂਲ ਰੋਡ Stoke on trent U.K. ਪੁਛਗਿਛ : ਗਿਆਨੀ ਮੋਹਨ ਸਿੰਘ ਖਿਆਲੀ ।

5. 10 ਤੋਂ 16 ਅਗਸਤ ਗੁਰਮਤਿ ਕੈਂਪ ਅਤੇ ਅੰਮ੍ਰਿਤ ਸੰਚਾਰ ।ਗੁ: ਰੋਟਰ ਡੈਮ (ਹਾਲੈਂਡ)ਪੁਛਗਿਛ ਭਾਈ ਸਾਧੂ ਸਿੰਘ ਫੋਨ 010-4207810



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੯

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

## ੧੫- ਆਨਮਤਿ ਕਰਮ ਨਿਰਣੇ

(ਲੜੀ ਜੋੜਨ ਲਈ ਦੇਖੋ ਸੂਰਾ ਜੂਨ ੯੯)

ਵੇਦੁ ਪੜਹਿ ਹਰਿ ਰਸੁ ਨਹੀ ਆਇਆ॥ ਵਾਦੁ ਵਖਾਣਹਿ ਮੋਹੇ ਮਾਇਆ॥ ਅਗਿਆਨ ਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ॥੨॥............॥ ਤ੍ਰੈਗੁਣ ਪੜਹਿ ਹਰਿ ਤਤੁ ਨ ਜਾਣਹਿ॥ ਮੂਲਹੁ ਭੂਲੇ ਗੁਰਸਬਦੁ ਨ ਪਛਾਣਹਿ॥ ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰਸਬਦੀ ਹਰਿ ਪਾਵਣਿਆ॥੬॥ਵੇਦ ਪੁਕਾਰੈ ਤ੍ਰਿਬਿਧਿ ਮਾਇਆ॥ ਮਨਮੁਖ ਨ ਬੂਝਹਿ ਦੂਜੈ ਭਾਇਆ॥ ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੈ ਦੁਖੁ ਪਾਵਣਿਆ॥੭॥੩੦॥੩੧॥

(ਮਾਝ ਮਹਲਾ ੩ ਪੰਨਾ ੧੨੯)

ਭਾਵ:- ਲੋਕੀ ਵੇਦ ਪੜ੍ਹਦੇ ਹਨ ਤੇ ਪੜਿ ਪੜਿ ਵੇਦਾਚਾਰੀ ਕਰਮ ਕਮਾਉਂਦੇ ਹਨ। ਐਸੇ ਵੇਦੁ ਪੜਿ ਪੜਿ ਵੇਦਾਚਾਰੀ ਆਨਮਤਿ ਕਰਮ ਕਮਾਉਣ ਵਾਲਿਆਂ ਨੂੰ ਹਰਿ ਰਸ ਨਹੀਂ ਆਉਂਦਾ। ਆ ਨਹੀਂ ਸਕਦਾ, ਕਿਉਂਕਿ ਵੇਦ ਪੜ੍ਹਨਾ ਵਾਦ ਹੀ ਵਖਾਨਣਾ ਹੈ। ਵੇਦਾਂ ਅੰਦਰਿ ਵਾਦਾਂ ਦੀਆਂ ਹੀ ਕਹਾਣੀਆਂ ਹਨ। ਤਾਂਤੇ ਉਹ ਵੇਦ ਪੜਿ ਪੜਿ ਵਾਦੁ ਹੀ ਵਖਾਣਦੇ ਹਨ। ਮੋਹ ਮਾਇਆ ਦੀ ਸਿਖਸ਼ਾ ਹੀ ਵੇਦ ਦ੍ਰਿੜਾਉਂਦੇ ਹਨ। ਤਾਂਤੇ ਵੇਦ ਪੜ੍ਹਨ ਵਾਲਾ ਪੁਰਸ਼ ਵਾਦ ਪੁਸ਼ ਮੋਹ ਮਾਇਆ ਵਿਚਿ ਹੀ ਮਤਿਆ ਜਾਂਦਾ ਹੈ। ਵਾਦ ਵਖਾਨਣ ਵਾਲਾ ਪੁਰਸ਼ ਵਾਦ ਬਿਵਾਦ ਦੇ ਮਾਇਆਵੀ ਝਗੜਿਆਂ ਵਿਚਿ ਹੀ ਪੈ ਜਾਂਦਾ ਹੈ। ਇਹ ਵੇਦ ਆਦਿਕ ਆਨਮਤੀ ਪੁਸਤਕ ਅਗਿਆਨ ਮਤੀ ਪੁਸਤਕ ਹੀ ਹਨ। ਅਗਿਆਨ ਮਤੀ ਪੁਸਤਕਾਂ ਦੇ ਪੜ੍ਹਨ ਵਖਾਨਣ ਨਾਲਿ ਸਦਾ ਅਗਿਆਨ ਅੰਧਾਰਾ ਹੀ ਰਹਿੰਦਾ ਹੈ। ਆਪਾਂ ਪਦ ਦੀ ਆਤਮ ਗਿਆਨ ਵਾਲੀ ਸੁਝ ਬੂਝ ਵੇਦ ਪੜ੍ਹਿਆ ਨਹੀਂ ਆਉਂਦੀ। ਇਹ ਬੂਝ ਆਤਮ ਗਿਆਨ ਦੀ ਗੁਰਮਤਿ ਗਿਆਨੀ ਗੁਰਮੁਖ ਜਨਾਂ ਨੂੰ ਹੀ ਆਉਂਦੀ ਹੈ। ਗੁਰਮੁਖ ਗਿਆਨੀ ਜਨ ਹੀ ਸਿਫ਼ਤ ਸਾਲਾਹੀ ਗੁਰਮਤਿ ਕਰਮ ਕਰ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਨ ਵੇਦਾਂ ਅੰਦਰਿ ਰਜ, ਤਮ, ਸਤ ਇਹਨਾਂ ਤਿਹਾਂ ਗੁਣਾ ਦੀ ਹੀ ਪੜ੍ਹਾਈ ਹੈ। ਇਹਨਾਂ ਤ੍ਰੈ ਗਣਾਂ ਨੂੰ ਪੜ੍ਹ ਕੇ ਆਤਮ ਪ੍ਰਮਾਤਮ ਪ੍ਰਮ ਤੱਤ ਦੀ ਗਿਆਤ ਨਹੀਂ ਹੁੰਦੀ। ਤਾਂਤੇ ਵੇਦ ਪੜ੍ਹਨ ਹਾਰੇ ਮੂਲਹੁੰ ਹੀ ਭੂਲੇ ਹੋਏ ਹਨ। ਗੁਰਮਤਿ ਗਿਆਨ ਤੱਤ ਦੀ ਉਨ੍ਹਾਂ ਨੂੰ ਸੋਝੀ ਸਮਝ ਹੀ ਨਹੀਂ ਆ ਸਕਦੀ। ਪਰਮਾਤਮ ਮੂਲ ਤੱਤ ਦਾ ਸਚਾ ਗਿਆਨ ਗੁਰ ਸ਼ਬਦ ਦੁਆਰਾ ਹੁੰਦਾ ਹੈ। ਗੁਰਸ਼ਬਦ ਦਾ ਵੇਦਾਂ ਅੰਦਰਿ ਜ਼ਿਕਰ ਹੀ ਨਹੀਂ। ਮੂਲਹੁੰ ਭੁਲੇ ਹੋਏ ਗੁਰਸ਼ਬਦ ਪਛਾਣ ਹੀ ਨਹੀਂ ਸਕਦੇ। ਮੋਹੇ ਵਿਆਪਿਆਂ ਨੂੰ ਏਹ ਸੂਝ ਪਛਾਣ ਆ ਹੀ ਨਹੀਂ ਸਕਦੀ। ਵੇਦ ਦੀ ਪੜ੍ਹਾਈ ਮੋਹ ਵਿਆਪਤਿ ਵਿਦਿਆ ਹੀ ਪੜ੍ਹਾਉਂਦੀ ਹੈ ਅਤੇ ਮੋਹ ਵਿਆਪਤਿ ਕਰਮ ਹੀ ਕਰਾਉਂਦੀ ਹੈ। ਜਿਸ ਦੁਆਰਾ ਕਦੇ ਭੀ ਕਲਿਆਣ ਨਹੀਂ ਹੋ ਸਕਦੀ। ਗੁਰਮਤਿ ਨਾਮ ਗੁਰ ਸ਼ਬਦ ਦੁਆਰਾ ਹੀ ਵਾਹਿਗੁਰੂ ਪ੍ਰਾਪਤੀ ਰੂਪੀ ਸਚੜੀ ਕਲਿਆਣ ਸੰਭਵ ਹੈ। ਹੋਰਤ ਕਿਸੇ ਭੀ ਆਨਮਤ ਕਰਮ ਦੁਆਰਾ ਇਹ ਸੰਭਵ ਨਹੀਂ। ਵੇਦ ਰੂਪ ਆਨਮਤਿ ਵਿਦਿਆ ਪੜ੍ਹਨਹਾਰਾ ਪ੍ਰਾਨੀ ਤਿਹਾਂਗੁਣਾਂ (ਰਜੋ, ਤਮੋ, ਸਤੋ) ਵਾਲੀ ਮਾਇਆ ਦਾ ਹੀ ਉਪਾਸ਼ਕ ਬਣਦਾ ਹੈ। ਕਿਉਂਕਿ ਵੇਦ ਕੇਵਲ ਤ੍ਰਿਬਿਧਿ ਮਾਇਆ ਹੀ ਪੁਕਾਰਦਾ ਹੈ ਅਰਥਾਤ ਤ੍ਰਿਬਿਧਿ ਮਾਇਆ ਦਾ ਹੀ ਉਪਦੇਸ਼ ਕਰਦਾ ਹੈ। ਇਸ ਤ੍ਰਿਬਿਧਿ ਮਾਇਆ ਦੀ ਆਨਮਤਿ ਪੜ੍ਹਾਈ ਪੜ੍ਹਨ ਹਾਰਾ ਪੁਰਸ਼ ਮਨਮੁਖ ਹੋ ਜਾਂਦਾ ਹੈ। ਮਨਮੁਖ ਬਣ ਜਾਂਦਾ ਹੈ। ਦੂਜੈ ਭਾਇ ਵਿਚਿ ਗ੍ਰਸੇ ਮਨਮੁਖ ਨੂੰ ਆਤਮ ਤਤ ਗਿਆਨ ਦੀ ਸੂਝ ਬੂਝ ਹੀ ਨਹੀਂ ਆ ਸਕਦੀ। ਉਹ ਤਾਂ ਬਸਿ ਦੂਜੈ ਭਾਇ ਦੇ ਕਰਮ ਕਮਾਉਣ ਵਿਚਿ ਪਰਵਿਰਤ ਹੋ ਜਾਂਦਾ ਹੈ। ਤ੍ਰੈ ਗੁਣ ਪੜ੍ਹਨਹਾਰਿਆਂ ਨੂੰ ਤੁਰੀਆ ਗੁਣ ਚੌਥੇ ਪਦ ਦੀ ਪ੍ਰਾਪਤੀ ਹੀ ਨਹੀਂ ਹੋ ਸਕਦੀ। ਤੁਰੀਆ ਗੁਣੀ ਆਤਮ ਗਿਆਨ ਗੁਰਮਤਿ ਦੁਆਰਾ ਇਕ ਅਕਾਲ ਨੂੰ ਪਛਾਣੇ ਤੇ ਹੀ ਆਉਂਦਾ ਹੈ ਅਤੇ ਏਕੋ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਆਉਂਦਾ ਹੈ ਅਤੇ ਏਕੋ ਨਾਮ ਦੀ ਵਿਦਿਆ ਤ੍ਰੈ ਗੁਣੀ ਪੜ੍ਹਾਈ ਵਾਲੇ ਵੇਦਾਂ ਵਿਚਿ ਹੀ ਨਹੀਂ। ਇਸ ਸਚੀ ਨਾਮ ਵਿਦਿਆ ਦੀ ਬੂਝ ਬੁਝੇ ਬਿਨਾਂ ਦੁਖ ਹੀ ਦੁਖ ਹੈ। ਸੁਖ ਕਦੇ ਨਹੀਂ। ਤ੍ਰਿਬਿਧਿ ਮਾਇਆ ਦੇ ਕਰਮ ਕਮਾਇਆਂ ਭੀ ਕਦੇ ਕਿਸੇ ਨੇ ਸੁਖ ਪਇਆ ਹੈ? ਕਦਾਚਿਤ ਨਹੀਂ ਪਾਇਆ ਜਾ ਸਕਦਾ।


www.AKJ.Org

ਤੀਰਥ ਵਰਤ ਸੁਚ ਸੰਜਮ ਆਦਕ ਇਹ ਸਭਿ ਦੂਜੇ ਭਾਇ ਵਾਲੇ ਆਨਮਤ ਕਰਮ ਹਨ। ਇਹ ਗੁਰਮਤਿ ਅਨੁਸਾਰ ਕਰਨ ਯੋਗ ਕਰਮ ਨਹੀਂ। ਇਹਨਾਂ ਦੇ ਕੀਤਿਆਂ ਦੁਬਿਧਾ ਵਿਆਪ ਜਾਂਦੀ ਹੈ। ਯਥਾ ਗੁਰਵਾਕ:-

"ਤੀਰਥ ਵਰਤੁ ਸੁਚਿ ਸੰਜਮ ਨਾਹੀ ਕਰਮੁ ਧਰਮੁ ਨਹੀ ਪੂਜਾ॥ ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ॥੨॥੫॥੨॥

(ਸਿਰੀ ਰਾਗ ਮਹਲਾ ੧ਪੰਨਾ ੭੫)

ਇਹ ਆਨਮਤੀ ਕਰਮ ਧਰਮ ਸਭ ਫੋਕਟ ਭਰਮ ਕਰਮ ਹੀ ਹਨ। ਇਹਨਾਂ ਦੁਆਰਾ ਨਿਸਤਾਰਾ ਨਹੀਂ। ਨਿਸਤਾਰਾ ਹੈ ਤਾਂ ਭਾਇ ਭਗਤਿ ਦੁਆਰਾ ਹੀ ਹੈ। ਅਹਿਨਿਸਿ ਭਾਇ ਭਗਤਿ ਦਾ ਦਰਵਾਜਾ ਕੇਵਲ ਗੁਰੂਘਰ ਵਿਖੇ ਹੀ ਖੁਲਦਾ ਹੈ। ਗੁਰੂ ਨਾਨਕ ਸਾਹਿਬ ਨੇ ਹੀ ਖੋਲ੍ਹਿਆ ਹੈ। ਕਲਿਜੁਗ ਦੇ ਉਧਾਰ ਲਈ ਹੀ ਖੋਲ੍ਹਿਆ ਹੈ।

ਹੇਠਾਂ ਦਿਤੇ ਗੁਰਪ੍ਰਮਾਣ ਅੰਦਰਿ ਆਏ ਆਨਮਤ ਕਰਮ ਸਭ ਭਰਮ ਰੂਪ ਨਿਸਫਲ ਕਰਮ ਹਨ:- ਸਾਸਤ੍ਰ ਸਿਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥ ਖਟੁ ਕਰਮਾ ਤੇ ਦੁਗਣੇ ਪੂਜਾ ਕਰਤਾ ਨਾਇ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥੫॥ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ॥ ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ॥ ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ॥ ਚਿਤਿ ਨ ਆਇਓ ਪਾਰਬ੍ਰਹਮ ਤਾ ਸਰਪ ਕੀ ਜੂਨਿ ਗਇਆ॥੬॥ ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ॥ ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ॥ ਲਸਕਰ ਤਰਕਸ ਬੰਦ ਬੰਦ ਜੀਉ ਜੀਉ ਸਗਲੀ ਕੀਤ॥ ਚਿਤਿ ਨ ਆਇਓ ਪਾਰਬ੍ਰਹਮ ਤਾ ਖੜਿ ਰਸਾਤਲਿ ਦੀਤੁ॥(ਸਿਰੀ ਰਾਗ ਮਹਲਾ ੫ ਪੰਨਾ ੭੦)

ਭਾਵ:- ਚਾਹੇ ਕੋਈ ਸਾਰੇ ਸ਼ਾਸਤ੍ਰਾਂ ਸਾਰੀਆਂ ਸਿਮਰਤੀਆਂ ਅਤੇ ਚਾਰੇ ਬੇਦਾਂ ਦਾ ਵਕਤਾ ਤੇ ਗਿਆਤਾ ਹੋਵੇ ਅਤੇ ਬੀਚਾਰ ਕੇ ਉਹਨਾਂ ਉਤੇ ਚਲਣਹਾਰਾ ਹੋਵੇ। ਤਾਂ ਕਿਸੇ ਲੇਖੇ ਨਹੀਂ। ਤਪੇ ਤਪੀਸਰਾਂ ਦੇ ਤਪ ਕੀਤੇ ਹੋਏ, ਜੋਗੀਆਂ ਜੋਗੀਸਰਾਂ ਦੇ ਜੋਗ ਸਾਧੇ ਹੋਏ, ਤੀਰਥ ਗਵਨੀਆਂ ਦੇ ਤੀਰਥ ਕੀਤੇ ਹੋਏ ਅਤੇ ਤੀਰਥ ਨ੍ਹਾਤੇ ਹੋਏ ਅਤੇ ਤੀਰਥ ਨ੍ਹਾ ਕੇ ਖਟ ਕਰਮਾਂ ਤੋਂ ਭੀ ਦੂਣੇ ਪੂਜਾ ਕਰਮ ਕੀਤੇ ਹੋਏ, ਕਿਸੇ ਲੇਖੇ ਨਹੀਂ। ਏਹ ਉਪਰ ਦਸੇ ਕਰਮ ਧਰਮ ਇਨ੍ਹਾਂ ਦੇ ਕਰਨਹਾਰਿਆਂ ਨੂੰ ਓੜਕ ਸਿੱਧੇ ਹੀ ਨਰਕਾਂ ਨੂੰ ਲੈ ਜਾਂਦੇ ਹਨ ਕਿਉਂਕਿ ਏਹਨਾਂ ਆਨਮਤਿ ਕਰਮਾਂ ਦੇ ਕੀਤਿਆਂ ਪਾਰਬ੍ਰਹਮ ਨਾਲਿ ਰੰਗ ਨਹੀਂ ਲਗਦੇ ਇਹ ਕਰਮ ਕੀਤੇ ਸਭੇ ਨਿਸਫਲ ਹਨ। ਨਿਸਫਲ ਹੀ ਨਹੀਂ ਸਗੋਂ ਕਰਨਹਾਰੇ ਨੂੰ ਨਰਕਾਂ ਦਾ ਪਾਤਰ ਬਣਾਉਂਦੇ ਹਨ। ਕਿਉਂਕਿ ਇਹਨਾਂ ਕਰਮਾਂ ਦੇ ਕੀਤਿਆਂ ਕਰਨਹਾਰਿਆਂ ਦਾ ਅਹੰਮੇਉ (ਅਹੰਕਾਰ) ਹੀ ਵਧਦਾ ਹੈ ਜੋ ਉਹਨਾਂ ਨੂੰ ਓੜਕ ਨਰਕਾਂ ਵਿਚਿ ਹੀ ਸਿੱਧਾ ਲੈ ਜਾਂਦਾ ਹੈ। ਬੜੇ ਬੜੇ ਰਾਜਿਆਂ ਦੇ ਰਾਜ ਕੀਤੇ ਹੋਏ, ਓਘੇ ਉਘੇ ਮਿਲਖਵੰਤਿਆਂ ਦੀਆਂ ਮਿਲਖਾਂ ਰੋਕੀਆਂ ਹੋਈਆਂ, ਅਤੇ ਇਹਨਾਂ ਮਿਲਖਾਂ ਦੇ ਤਾਣਿ ਸਰਦਾਰੀਆਂ ਕੀਤੀਆਂ ਹੋਈਆਂ ਅਤੇ ਨਾਨਾ ਪ੍ਰਕਾਰ ਦੀਆਂ ਰਸ ਭੋਗਣੀਆਂ ਐਸ਼ ਇਸ਼ਰਤਾ ਕੀਤੀਆਂ ਹੋਈਆਂ ਅਤੇ ਬੜੇ ਬੜੇ ਸੁਹਾਵੇ ਸੋਹਣੇ ਬਾਗਾਂ ਤੇ ਮਹਿਲ ਮਾੜੀਆਂ ਤੇ ਕਬਜ਼ੇ ਕੀਤੇ ਹੋਏ ਅਤੇ ਹਾਕਮ ਬਣ ਕੇ ਹੁਕਮ ਚਲਾਉਣ ਦੇ ਅਫਰੇਮੇ ਚੜ੍ਹੇ ਹੋਏ, ਅਤੇ ਬਹੁ ਬਿਧੀਆਂ ਦੇ ਰੰਗਾਂ ਤਮਾਸ਼ਿਆਂ (ਸਿਨਮਿਆਂ ਥੀਏਟਰਾਂ) ਦੇ ਦੇਖਣ ਦੀਆਂ ਚਾਉ ਰਲੀਆਂ ਮਾਨਣ ਦੇ ਚਸਕਿਆਂ ਵਿਚਿ ਲਗਿਆਂ ਹੀ ਸਾਰੀ ਉਮਰ ਬਿਹਾਉਂਦਿਆਂ ਬੀਤ ਗਈ ਹੋਵੇ ਤਾਂ ਏਹ ਰਾਜਸੀ ਗ੍ਰਿਹਸਤ ਧਰਮੀਆਂ ਦੇ ਕਰਮ ਇਹਨਾਂ ਉਪਰਲੇ ਕਰਮ ਕਰਨਹਾਰਿਆਂ ਨੂੰ ਸੱਪ ਦੀ ਜੂਨੀ ਵਿਚਿ ਸਿਟਦੇ ਹਨ ਕਿਉਂਕਿ ਉਪਰਲੇ ਕਰਮ ਕਰਨ ਹਾਰਿਆਂ ਦੇ ਚਿਤ ਉਹਨਾਂ ਕਰਮਾਂ ਵਿਚਿ ਹੀ ਖਚਤ ਰਹਿੰਦੇ ਹਨ। ਪਾਰਬ੍ਰਹਮ ਪ੍ਰਮੇਸਰ ਦੀ ਯਾਦ ਵਿਚ ਨਹੀਂ ਲਗਦੇ। ਲਗ ਹੀ ਨਹੀਂ ਸਕਦੇ। ਵਾਸ਼ਨਾਵਾਂ ਵਧਦੀਆਂ ਹੀ ਜਾਂਦੀਆਂ ਹਨ। ਪਰਬਲ ਵਾਸ਼ਨਾਵਾਂ ਦੇ ਕਾਰਨ ਅੰਤ ਸਮੇਂ ਉਹਨਾਂ ਦੀ ਸੁਰਤੀ ਓਹਨਾਂ ਕੰਮਾਂ ਵਿਚਿ ਰਸੀ ਫਸੀ ਚਸਕਦੀ ਰਹਿੰਦੀ ਹੈ, ਜੋ ਉਹਨਾਂ ਨੂੰ ਸੱਪ ਦੀ ਜੂਨੀ ਵਿਚਿ ਲੈ ਜਾਂਦੇ ਹਨ। ਇਸ ਵਿਚਿ ਰੰਚਕ ਸੰਦੇਹ ਨਹੀਂ, ਧਨਾਢ ਧਨਵੰਤ ਹੋਣ ਦੇ ਬਹੁਤੇ ਅਭਿਮਾਨੀ ਅਤੇ ਉਹ ਕਰਨੀਆਂ ਦੇ ਮੰਨੇ ਦੰਤੇ ਆਚਾਰ ਵਾਲਿਆਂ ਦੀਆਂ ਕਰਤੂਤਾਂ ਦੁਨੀਆਵੀ ਸ਼ੁਹਰਤਾਂ ਅਤੇ ਸੋਭਾ ਸੰਗੀਆਂ ਦੀਆਂ ਮਾਇਕ ਪ੍ਰੀਤਾਂ, ਲਸ਼ਕਰਾਂ ਫੌਜਾਂ ਦੀਆਂ ਬਹੁ ਫੁਰਮਾਨੀ ਰੀਤਾਂ, ਅਨੇਕ ਪ੍ਰਕਾਰ ਦੇ ਸ਼ਸਤਰ ਚਲਾਉਣ ਦੀਆਂ ਜੀਉ ਜੀਉ ਕਹਿ ਕੇ ਲੈਣ ਵਾਲਿਆਂ ਸਲਾਮੀਆਂ ਕਿਸੇ ਕੰਮ


www.AKJ.Org

ਨਹੀਂ ਆਉਣੀਆਂ। ਸਗੋ ਡੂੰਘੇ ਨਰਕ(ਰਸਾਤਲ) ਵਿਚਿ ਲੈ ਜਾ ਸਿਟਣਗੀਆਂ। ਏਹਨਾਂ ਉਪਰ ਦਸੇ ਅਡੰਬਰਾਂ ਵਿਚਿ ਪੈ ਕੇ ਅਤੇ ਲਥ ਪਥ ਹੋ ਕੇ ਇਕ ਨਿਮਖ ਮਾਤਰ ਹੀ ਉਹਨਾਂ ਨੇ ਕਦੇ ਸਿਰਜਨਹਾਰ ਪਾਰਬ੍ਰਹਮ ਚੇਤਿਆਂ ਨਹੀਂ। ਸਾਰੀ ਉਮਰ ਐਵੇਂ ਹੀ ਗੰਵਾਈ। ਪਾਰਬ੍ਰਹਮ ਦਾ ਚਿਤ ਕਰਕੇ ਸਿਮਰਨ ਕਰਨ ਤੋਂ ਬਿਨਾਂ ਹੋਰ ਜਿਤਨੇ ਭੀ ਝੂਠ ਅਡੰਬਰੀ ਕਰਮ ਹਨ, ਸਭਿ ਰਸਾਤਲਿ ਵਿਚਿ ਹੀ ਲੈ ਕੇ ਡਿਗਣਗੇ ਅਜਿਹੇ ਕਰਮਚਾਰੀਆਂ ਨੂੰ। ਤਾਂਤੇ ਸਗਲੇ ਆਨਮਤ ਕਰਮ ਕਿਸੇ ਭੀ ਲੇਖੇ ਨਹੀ ਲਗਣੇ, ਸਗੋਂ ਉਲਟੇ ਗਲਿ ਫਾਸ ਹੋ ਕੇ ਚਿੰਮੜ ਜਾਂਦੇ ਹਨ।

ਅਗਲੇ ਗੁਰ ਪ੍ਰਮਾਣ ਅੰਦਰ ਆਏ ਆਨਮਤਿ ਕਰਮ ਸਭਿ ਨਿਹਫਲ ਹਨ-

''ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ।। ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ।।... .... ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ।। ਪੰਡਿਤ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰ।।... ... ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ।। ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ।। ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ।।੪।।੧੮।।੫੧।। (ਸਿਰੀ ਰਾਗ ਮਹਲਾ ੩)

ਭਾਵ:-ਨਿਰੇ ਕਾਂਇਆਂ ਨੂੰ ਸਾਧਣ ਵਾਲੇ ਆਨਮਤ ਹਠ ਕਰਮ ਪੁਠਾ ਹੋ ਕੇ ਲਟਕਣ ਵਾਲੇ ਕਾਇਆਂ ਨੂੰ ਕਸ਼ਟ ਦੇਣ ਵਾਲੇ ਆਨਮਤ ਕਰਮ ਕੀਤਿਆਂ ਕਰਨਹਾਰੇ ਦੇ ਮਨ ਵਿਚਲੀ ਹਉਮੈ ਨਹੀਂ ਜਾਂਦੀ। ਆਤਮ ਗਿਆਨ ਦੇ ਸਾਧਨ ਲਈ ਨੇਤੀ ਧੋਤੀ ਆਦਿ ਸਰੀਰਕ ਇੰਦਰਿਆਂ ਦਾ ਦਮਨ ਕਰਨਾ(ਅਧਿਆਤਮੀ ਕਰਮ) ਸਭ ਬੇਅਰਥ ਹੈ। ਵਰਮੀ ਮਾਰੀ ਤੋਂ ਸੱਪ ਨਹੀਂ ਮਰਦਾ, ਮਨੂਆ ਵਸਿ ਨਹੀਂ ਆਉਂਦਾ। ਅਜੇਹੇ ਕਰਮ ਕਰਨ ਵਾਲਿਆਂ ਨੂੰ ਨਾਮ ਦੀ ਪ੍ਰਾਪਤੀ ਕਦੇ ਭੀ ਨਹੀਂ ਹੁੰਦੀ। ਸਗੋਂ ਅਜੇਹੇ ਕਰਮ ਕਾਂਡੀਆਂ ਦਾ ਹੰਕਾਰ ਦਿਨੋ ਦਿਨ ਵਧਦਾ ਜਾਂਦਾ ਹੈ। ਹਉਮੈ ਨੂੰ ਹੀ ਪੁੱਠੇ ਪੈਂਦੇ ਹਨ। ''ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।।'' ਸਤੋ, ਰਜੋ, ਤਮੋ ਗੁਣਾਂ ਵਾਲੇ ਸਾਰੇ ਆਨਮਤਿ ਕਰਮ ਨਾਸਵੰਤ ਹਨ। ਇਹ ਸਭ ਦੂਜਾ ਭਾਉ ਹੈ ਅਤੇ ਵਿਕਾਰ ਰੂਪ ਹੈ। ਆਨਮਤ ਪੁਸਤਕਾਂ ਦੇ ਪੜ੍ਹਨਹਾਰੇ ਪੁਰਸ਼ ਭਾਵੇਂ ਇਹ ਆਨਮਤੀ ਪੁਸਤਕਾਂ ਪੜਿ ਪੜਿ ਕਿਤਨੇ ਭੀ ਪੰਡਤ ਬਣ ਜਾਣ ਉਹਨਾਂ ਦੇ ਮੋਹ ਮਾਇਆ ਦੇ ਬੰਧਨ ਹੀ ਵਧਦੇ ਹਨ। ਆਨਮਤੀ ਪੁਸਤਕਾਂ ਪੜ੍ਹ ਪੜ੍ਹ ਤੱਤ ਵੀਚਾਰ ਦੀ ਤਿਨਾਂ ਨੂੰ ਸੱਚੀ ਬੂਝ ਹੀ ਨਹੀਂ ਆਉਂਦੀ ਮਨੂਆ ਕਦੇ ਵਸਿ ਹੀ ਨਹੀਂ ਆਉਂਦਾ। ਅੰਤਿ ਸਬਲ (ਬਲ ਵਾਲਾ) ਜੋ ਹੋਇਆ, ਇਹ ਕਿਸੇ ਭੀ ਉਪਾਇ ਕੀਤਿਆਂ ਕਿਸੇ ਭੀ ਆਨਮਤ ਕਰਮ ਦਾ ਉੱਦਮ ਕੀਤਿਆਂ ਵਸਿ ਨਹੀਂ ਆਉਣਾ, ਪਰਬਲ ਹੀ ਰਹਿੰਦਾ ਹੈ, ਆਨਮਤ ਕਰਮ ਕਰਨਹਾਰੇ ਤੇ ਭਾਰੂ ਹੀ ਰਹਿੰਦਾ ਹੈ, ਕਦੇ ਖਹਿੜਾ ਨਹੀਂ ਛਡਦਾ ਸਭ ਯਤਨ ਕੀਤਿਆਂ। ਆਨਮਤ ਕਰਮ ਦੇ ਯਤਨ ਉਪਾਵ ਸਭ ਨਿਸਫਲ ਜਾਂਦੇ ਹਨ। ਸਗੋਂ ਦੂਜੇ ਭਾਇ ਵਿਚਿ ਪਾਈ ਰਖਦੇ ਹਨ। ਅਤੇ ਦੂਜੇ ਭਾਇ ਦੇ ਕਰਮਾਂ ਵਿਚਿ ਪਾਇ ਕੇ ਏਹ ਮਨ ਕਰਮ ਕਰਨਹਾਰੇ ਨੂੰ ਦੁਖ ਹੀ ਲਾਈ ਰੱਖਦਾ ਹੈ। ਦੁਖੀ ਹੀ ਨਹੀਂ ਰੱਖਦਾ, ਐਥੇ ਤਾਂ ਜੇਹੜੇ ਦੁਖ ਮਿਲਣੇ ਹਨ ਸੋ ਮਿਲਣੇ ਹਨ ਅਗੇ ਜਾ ਕੇ,(ਅਗਲੀ ਦੁਨੀਆ) ਪਰਲੋਕ ਵਿਚਿ ਸਗੋਂ ਹੋਰ ਬਹੁਤੀ ਸਜਾਇ ਮਿਲਦੀ ਹੈ। ਬਸ, ਨਾਮ ਰਤੇ ਗੁਰਮੁਖ ਜਨ ਹੀ ਉਬਰਦੇ ਹਨ। ਅਤੇ ਇਸ ਹਉਮੈਂ ਰੋਗ ਰੂਪੀ ਬਲਾ ਤੋਂ ਬਚਦੇ ਹਨ। ਇਹ ਹਉਮੈਂ ਕਿਸੇ ਭੀ ਆਨਮਤੀ ਕਰਮ ਕਮਾਇਆਂ ਗਵਾਈ ਨਹੀਂ ਜਾ ਸਕਦੀ। ਗਵਾਈ ਜਾ ਸਕਦੀ ਹੈ ਤਾਂ ਗੁਰਸ਼ਬਦ ਦੁਆਰਾ ਹੀ ਗਵਾਈ ਜਾ ਸਕਦੀ ਹੈ। (ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ)

''ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ।। ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।। ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ।।'' (ਸਿਰੀ ਰਾਗ ਮ: ੩ਪੰਨਾ ੩੯)

ਭਾਵ:- ਇਸ ਸਾਰੇ ਸੰਸਾਰ ਜਗਤ ਨੇ ਅਰਥ਼ਾਤ ਆਮ ਸੰਸਾਰੀਆਂ ਨੇ ਆਨਮਤੀ ਕਰਮ ਕਰਿ ਕਰਿ ਹਉਮੈ ਦੀ ਮੈਲ ਹੀ ਆਪਣੇ ਮਨ ਨੂੰ ਲਾਈ ਹੈ। ਅਤੇ ਇਸ ਹਉਮੈ ਮੈਲ ਲਗਣ ਕਰ ਕੇ ਦੁਖ ਹੀ ਦੁਖ ਸਹੇੜਿਆ ਹੈ। ਦੂਜੈ ਭਾਇ ਦੇ ਆਨਮਤੀ ਕਰਮਾਂ ਦੇ ਕਰਨ ਕਰਾਉਣ ਕਰ ਕੇ ਮੈਲ ਹੀ ਲਗਦੀ ਹੈ। ਇਹ ਹਉਮੈ ਦੀ ਮੈਲ ਧੋਤੀ ਹੋਈ ਕਦੇ ਨਹੀਂ ਉਤਰਦੀ (ਲਹਿੰਦੀ) ਜੇ ਸੈਂਕੜੇ ਤੀਰਥਾਂ ਵਿਚਿ ਮੁੜਿ ਮੁੜਿ ਨ੍ਹਾਤਾ ਜਾਏ। ਭਾਂਤ ਭਾਂਤ ਦੇ


www.AKJ.Org

ਬਹੁ ਬਿਧਿ ਆਨਮਤੀ ਕਰਮਾਂ ਦੇ ਕਰਨ ਕਰ ਕੇ ਸਗੋਂ ਹੋਰ ਦੂਣੀ ਮੈਲ ਲਗ ਜਾਂਦੀ ਹੈ।

"ਕਰਮ ਧਰਮ ਨੇਮ ਬ੍ਰਤ ਪੂਜਾ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥" (ਗਉੜੀ ਮ:੫ ਪੰਨਾ ੧੯੯)

ਉਤਮ ਜਗਿਆਸੂ ਜਨ ਨੂੰ ਉਚਿਤ ਹੈ ਕਿ ਪਾਰਬ੍ਰਹਮ ਪਰਮਾਤਮਾ ਦੀ ਪ੍ਰਾਪਤੀ ਵਾਲੇ ਗੁਰਮਤਿ ਕਰਮ ਬਿਨਾਂ ਨੇਮ ਬ੍ਰਤ ਪੂਜਾ ਆਦਿਕ ਆਨਮਤੀ ਕਰਮ ਧਰਮ ਦੇ ਰਾਹ ਨੇ ਪਵੇ। ਦੂਜੇ ਭਾਉ ਵਾਲੇ ਕਰਮਾਂ ਵਲ ਆਪਣੀ ਰੁਚੀ ਹੀ ਨ ਦੇਵੇ:-

"ਬ੍ਰਹਮਾ ਮੂਲੁ ਵੇਦ ਅਭਿਆਸਾ॥ ਤਿਸਤੇ ਉਪਜੇ ਦੇਵ ਮੋਹ ਪਿਆਸਾ॥ ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ॥੧॥ਰਹਾਉ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ॥੨॥ ਮਨਮੁਖ ਅਗਿਆਨਿ ਕੁਮਾਰਗਿ ਪਾਏ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ॥ ਭਵਜਲ ਡੂਬੇ ਦੂਜੈ ਭਾਇ॥੩॥ ... ... ਗੁਰਮੁਖਿ ਜਮੁ ਕਾਲੁ ਨੇੜਿ ਨ ਆਵੈ॥ ਹਉਮੈ ਦੂਜਾ ਸਬਦਿ ਜਲਾਵੈ॥ ਨਾਮੇ ਰਾਤੇ ਹਰਿਗੁਣ ਗਾਵੈ॥੫॥੯॥੪॥"

(ਗਉੜੀ ਮਹਲਾ ੩ ਪੰਨਾ ੨੩੦-੩੧)

ਭਾਵ:- ਵੇਦਾਂ ਦਾ ਤੇ ਵੇਦਾਚਾਰੀ ਕਰਮਾਂ ਦੇ ਅਭਿਆਸ ਦਾ ਮੂਲ ਕਾਰਨ ਬ੍ਰਹਮਾ ਹੈ। ਤਿਨ੍ਹਾਂ ਵੇਦਾਚਾਰੀ ਕਰਮਾਂ ਦੇ ਅਭਿਆਸਾਚਾਰੀ ਲੋਗ ਜੋ ਬ੍ਰਹਮਾ ਦੀ ਵੇਦ-ਵੇਹਤੀ ਸਿਖਸ਼ਾਂ ਤੋਂ ਉਤਪੰਨ ਹੋਏ ਤਿਨ੍ਹਾਂ ਦਾ ਨਾਮ ਦੇਵਤੇ ਪੈ ਗਿਆ ਪ੍ਰੰਤੂ ਵੇਦਾਂ ਵਿਚਿ ਮੋਹ ਮਾਇਆਵੀ ਤ੍ਰਿਸ਼ਨਾ ਦੀਆਂ ਹੀ ਕਹਾਣੀਆਂ ਹੋਣ ਕਰਿ ਜੇਹੜੇ ਇਹ ਦੇਵਤਾ ਕਹਾਉਣ ਵਾਲੇ ਲੋਗ ਵੇਦਾਚਾਰੀ ਕਰਮਾਂ ਦਾ ਅਭਿਆਸ ਕਰਨ ਲਗ ਪਏ, ਉਹ ਮਾਇਕ ਤ੍ਰੈਗੁਣਾਂ ਦੀ ਤ੍ਰਿਸ਼ਨਾਵੀ ਮੋਹ ਪਿਆਸ ਵਿਚਿ ਹੀ ਗ੍ਰਸੇ ਗਏ। ਐਸੇ ਵੇਦਾ ਕਰਮਚਾਰੀ ਲੋਗ (ਦੇਵਤੇ ਕਹਾਉਣ ਵਾਲੇ) ਤਿੰਨਾਂ ਗੁਣਾਂ (ਰਜੋ, ਸਤੋ, ਤਮੋ) ਵਿਚਿ ਹੀ ਭਰਮਦੇ ਰਹੇ। ਉਹਨਾਂ ਦਾ ਪਾਰਬ੍ਰਹਮ ਪਰਮਾਤਮਾ ਦੇ ਨਿਜ ਘਰ ਵਿਚਿ ਵਾਸ ਨਹੀਂ ਹੋਇਆ(ਨਾਹੀ ਕਦੇ ਹੋ ਸਕਦਾ ਹੈ ਵੇਦਾਚਾਰੀ ਕਰਮ ਕਮਾਉਣ ਵਾਲਿਆਂ ਦਾ) ਤੇਹਾਂ ਗੁਣਾਂ ਵਿਚਿ ਭਰਮਣ ਤੋਂ ਉਹੀ ਵਡਭਾਗੇ ਪੁਰਸ਼ ਬਦੇ ਰਹੇ ਜਿਨ੍ਹਾਂ ਨੂੰ ਪਰਮਾਤਮਾਂ ਨੇ ਸਤਿਗੁਰੂ ਦਾ ਮਿਲਾਪ ਕਰਾ ਕੇ ਬਚਾਇਆ। ਜਿਨ੍ਹਾਂ ਦੀ ਵਹਿਗੁਰੂ ਨੇ ਸਤਿਗੁਰੂ ਨੂੰ ਮਿਲਾ ਕੇ ਰਖਿਆ ਕੀਤੀ ਅਤੇ ਸਤਿਗੁਰੂ ਦੇ ਦੁਆਰਿਓਂ ਪ੍ਰੇਮਾਂ ਭਗਤੀ ਦਾ ਦਾਨ ਦਿਵਾ. ਕੇ ਗੁਰਮਤਿ ਨਾਮ ਦਾ ਸੁਆਸਿ ਸੁਆਸਿ ਨਾਮ ਦ੍ਰਿੜਾਇਆ। ਬ੍ਰਹਮਾ ਦੀ ਰਚੀ ਹੋਈ ਤੇਹਾਂ ਗੁਣਾਂ (ਸਤੋ, ਰਜੋ, ਤਮ ਗੁਣਾਂ) ਵਾਲੀ ਵੇਦ ਬਾਣੀ ਨਿਰੀ ਜੰਜਾਲ ਰੂਪ ਹੀ ਹੈ। ਬ੍ਰਹਮਾਂ ਦੀ ਬੇਦ ਰੂਪੀ ਬਾਣੀ ਤ੍ਰੈਗੁਣਾਂ ਦੇ ਜੰਜਾਲ ਨਾਲਿ ਹੀ ਭਰੀ ਪਈ ਹੈ। ਤਿਸ ਵਿਚਿ ਦੇਵੀ ਦੇਵਤਿਆਂ ਦੇ ਮੋਹ ਮਾਇਆਵੀ ਤਿਸ਼ਨਾਵੀ ਵਾਦ ਬਿਵਾਦੀ ਝਗੜੇ ਅਤੇ ਕਰਮ ਕਾਂਡ ਦੀਆਂ ਫੋਕਟ ਗੱਲਾਂ ਹੀ ਵਰਨਣ ਹਨ। ਏਹਨਾਂ ਵੇਦਾਂ ਨੂੰ ਪੜ੍ਹਨਹਾਰੇ ਭੀ ਵਾਦ ਹੀ ਵਖਾਣਦੇ ਹਨ। ਝਗੜੇ ਦੀਆਂ ਗਲਾਂ ਵਿਚਿ ਹੀ ਉਲਝ ਜਾਂਦੇ ਹਨ। ਤੱਤ ਵਸਤੂ ਉਹਨਾਂ ਦੇ (ਵੇਦ ਪੜ੍ਹਨਹਾਰਿਆਂ ਦੇ) ਪੱਲੇ ਨਹੀਂ ਪੈਂਦੀ। ਜੰਜਾਲ ਦੀਆਂ ਗੱਲਾਂ ਪੜ੍ਹ ਕੇ ਲੋਕ ਮੋਹ ਮਾਇਆ ਦੇ ਜੰਜਾਲ ਵਿਚਿ ਹੀ ਕਰਮ ਕਮਾਉਂਦੇ ਹਨ। ਜਿਨ੍ਹਾਂ ਦੇ ਕਾਰਨ ਮੋਹ ਮਾਇਆ ਫਾਥੇ ਜੰਜਾਲਾਂ ਵਿਚਿ ਹੀ ਸਾਰੀ ਉਮਰ ਅੰਤਕਾਲ ਸਮੇਂ ਜਮ ਦਾ ਠੇਂਗਾ ਉਹਨਾਂ ਦੇ ਸਿਰਾਂ ਤੇ ਵਜਦਾ ਹੈ। ਜਮ ਕਾਲ ਦਾ ਇਹ ਠੇਂਗਾ ਬੜਾ ਦੁਖਦਾਈ ਹੈ। ਪਰ ਸਹਿਣਾ ਹੀ ਪੈਂਦਾ ਹੈ। ਜਮ ਕਾਲ ਤੋਂ ਬਚਾਉਣ ਵਾਲੀ ਇਕੋ ਇਕ ਵੱਥ ਨਾਮ ਦੀ ਹੈ ਜੋ ਉਹਨਾਂ ਦੇ ਪੱਲੇ ਨਹੀਂ ਪੈਂਦੀ। ਅਸਲ ਜੰਜਾਲੀ ਫੂਸ ਪਰਾਲੀ ਦੀਆਂ ਕਰਮ ਕਰਾਲੀ ਪੰਡਾਂ ਬੰਨ੍ਹ ਕੇ ਹੀ ਤੁਰਦੇ ਲਗਦੇ ਹਨ। ਗੁਰਮਤਿ ਤੋਂ ਘੁਥੇ ਆਨਮਤਿ ਗ੍ਰਸੇ ਗੁਰਮਤਿ ਗਿਆਨ ਮਾਰਗ ਤੋਂ ਮੁੱਠੇ(ਗੁਮਰਾਹ) ਮਨਮੁਖ ਅੰਧਲੇ ਨਿਗੁਰਤਾ ਗੰਧਲੇ ਅਭਾਗੇ ਪ੍ਰਾਨੀ ਅਗਿਆਨ ਪ੍ਰਾਨੀ ਅਗਿਆਨ ਰੂਪੀ ਉਹਨਾਂ ਦੇ ਆਪਣੇ ਕਰੂਰ ਕਰਮਾਂ ਨੇ ਕੁਮਾਰਗ ਵਿਚਿ ਪਾਏ ਹਨ ਓਹਨਾਂ ਦੇ ਆਪ ਅਗਿਆਨ ਗੁਮਰਾਹੇ ਮੰਦ ਕਰਮਾਂ ਦੀ ਕਰਮ ਬਿਧਾਤੇ ਨੇ ਇਹੋ ਸਜ਼ਾ ਦਿਤੀ ਹੈ ਓਹਨਾਂ ਨੂੰ ਕੁਮਾਰਗ ਪਾਉਣ ਦੀ। ਵਾਹਿਗੁਰੂ ਦਾ ਨਾਮ ਵਿਸਾਰ ਕੇ ਗੁਰਮਤਿ ਨਾਮ ਵਿਸਾਰ ਕੇ ਅਨੇਕ ਆਨਮਤ ਕਰਮਾਂ ਦੇ ਕਰਨ ਵਿਚਿ ਉਹਨਾਂ ਦੀ ਕੁਬੁਧੀ ਖਚਤ ਹੋ ਗਈ ਹੈ। ਇਹਨਾਂ ਦੂਜੇ ਭਾਇ ਦੇ ਕਰਮਾਂ ਦੇ ਕਰਨ ਕਰਿ ਉਹ ਭਵ ਸਾਗਰ ਵਿਚਿ ਹੀ ਗਰਕ ਹੋ ਜਾਂਦੇ


www.AKJ.Org

ਹਨ ਅਤੇ ਅਜਿਹੇ ਮਨਮੁਖ ਅਗਾਹਾਂ ਜਾ ਕੇ ਜਮ ਕਾਲ ਦੀਆਂ ਚੋਟਾਂ ਖਾਣਗੇ। ਗੁਰੂ ਕੇ ਗੁਰਮੁਖਿ ਸਿਖਾਂ ਦੇ ਜਮ ਕਾਲ ਨੇੜੇ ਨਹੀਂ ਆਉਂਦਾ। ਗੁਰਸ਼ਬਦ ਗੁਰਮਤਿ ਨਾਮ ਦੇ ਪਰਤਾਪ ਕਰ ਕੇ ਉਹਨਾਂ ਦੇ ਅੰਦਰ ਹਉਮੈ ਦਾ ਉਕਾ ਹੀ ਅਭਾਵ ਹੋ ਜਾਂਦਾ ਹੈ ਅਤੇ ਦੂਜਾ ਭਾਵ ਉਡ ਜਾਂਦਾ ਹੈ। ਦੂਜੇ ਭਾਵ ਦਾ ਨਮੂਦ ਨਹੀਂ ਰਹਿੰਦਾ। ਉਹ ਨਾਮ ਦੇ ਰੰਗਾਂ ਵਿਚਿ ਰਤੇ ਹੋਏ ਵਾਹਿਗੁਰੂ ਦੇ ਸਿਫਤਿ ਸਾਲਾਹੀ ਗੁਣਾਂ ਦੇ ਗਾਉਣ ਵਿਚਿ ਹੀ ਜੁਟੇ ਰਹਿੰਦੇ ਹਨ। ਸਿਫਤਿ ਸਾਲਾਹ ਤੋਂ ਵਿਸਰਜਤ ਹੋਏ ਮਲਮੁਖ ਕਰਮਾਂ ਦੇ ਮਾਰੇ ਫਿਟਕਾਰੇ ਹੋਏ ਅਨਿਕ ਪ੍ਰਕਾਰੀ ਦੁਖਾਂ ਦੀਆਂ ਸੱਟਾਂ ਸਹਿੰਦੇ ਹੋਏ ਸਦਾ ਬਿਕਰਾਲ (ਸਜ਼ਾਵਾਂ) ਭੁਗਤਦੇ ਹਨ। ਇਸ ਤੋਂ ਅਗਲਾ ਗੁਰਵਾਕ ਭੀ ਆਨਮਤ ਕਰਮ ਤੇ ਉਨ੍ਹਾਂ ਦੇ ਕਰਨ ਵਾਲਿਆਂ ਦੀ ਦੁਰਗਤੀ ਕਿਸ ਤਰ੍ਹਾਂ ਖੂਬੀ ਨਾਲ ਪ੍ਰਗਟ ਕਰਦਾ ਹੈ, ਜ਼ਰਾ ਗੌਰ ਕਰਕੇ ਵਿਚਾਰੋ:-

''ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਿਰ ਤਾਮਸੁ ਆਪੁ ਨ ਪਛਾਣੈ॥ਤਾ ਪ੍ਰਭੁ ਪਾਏ ਗੁਰਸ਼ਬਦ ਵਖਾਣੈ॥੧॥ ਗੁਰਸੇਵਾ ਕਰਉ ਫਿਰਿ ਕਾਲੁ ਨ ਖਾਇ॥ ਮਨਮੁਖ ਖਾਧੇ ਦੂਜੈ ਭਾਇ॥੧॥ਰਹਾਉ॥੬॥੫॥

(ਗਉੜੀ ਮਹਲਾ ੩ਪੰਨਾ ੨੩੧)

ਇਸ ਗੁਰਵਾਕ ਦਾ ਭਾਵ ਇਹ ਹੈ ਕਿ ਬ੍ਰਹਮਾ(ਜਿਸ ਨੂੰ ਵੇਦਾਂ ਦਾ ਕਰਤਾ ਤੇ ਬਕਤਾ ਸਮਝਿਆ ਜਾਂਦਾ ਹੈ) ਪੜ੍ਹਦਾ ਹੈ ਤੇ ਵਖਾਣਦਾ ਭੀ ਹੈ।(ਵੇਦ ਬਾਣੀ ਉਚਾਰਦਾ ਹੈ) ਪਰ ਨਿਰਾ ਵਾਦ ਹੀ ਵਾਦ ਵਖਾਣਦਾ ਹੈ। ਉਸ ਦੇ ਅੰਤਰ ਗਤਿ ਤਮੋ ਗੁਣ ਹੀ ਪਰਧਾਨ ਹੈ। ਜਿਸ ਦੇ ਕਾਰਨ ਉਹ ਆਪਾ ਹੀ ਨਹੀਂ ਚੀਨ ਸਕਦਾ। ਆਪੇ ਨੂੰ ਚੀਨ ਕੇ ਪ੍ਰਭੂ ਨੂੰ ਪਛਾਣ ਸਕੀਦਾ ਹੈ। ਪਰ ਪ੍ਰਭੂ ਨੂੰ ਤਾਂ ਪਛਾਣ ਸਕੀਦਾ ਹੈ ਜੇ ਵੇਦ ਰੂਪੀ ਵਾਦ ਫਲਸਫੇ ਦੇ ਥਾਉਂ ਗੁਰਸ਼ਬਦ ਨੂੰ ਵਖਾਨਣਾ ਉਸ ਦੇ ਭਾਗਾਂ ਵਿਚਿ ਹੋਵੇ। ਗੁਰਸ਼ਬਦ ਬਖਾਣੇ ਤੋਂ ਪ੍ਰਭੂ ਪਛਾਣਿਆ ਹੀ ਨਹੀਂ ਸਗੋਂ ਪਾਇਆ ਜਾ ਸਕਦਾ ਹੈ। ਗੁਰਸ਼ਬਦ ਦੀਖਿਆ ਗੁਰੂ ਕਾ ਸੇਵਕ ਸਿਖ ਬਣਿਆਂ ਹੀ ਮਿਲ ਸਕਦੀ ਹੈ। ਗੁਰੂ ਕਾ ਸਿਖ ਬਣੇ ਤੇ ਗੁਰੂ ਦੀਖਿਆਂ ਗੁਰਮਤਿ ਨਾਮ ਦਾ ਅਭਿਆਸ ਦ੍ਰਿੜ ਹੁੰਦਾ ਹੈ। ਗੁਰਮਤਿ ਨਾਮ ਦੀ ਅਭਿਆਸ ਰੂਪੀ ਸੇਵਾ ਕੀਤਿਆਂ ਫੇਰ ਕਾਲ ਨਹੀਂ ਖਾਂਦਾ। ਗੁਰੂ ਸ਼ਬਦ ਦੀ ਸੇਵਾ (ਅਭਿਆਸ ਕਮਾਈ) ਗੁਰੂ ਦੀ ਹੀ ਸੇਵਾ ਹੈ। ਬਸ ਕਾਲ ਤੋਂ ਛੁਟਕਾਰਾ ਜੇ ਹੋ ਸਕਦਾ ਹੈ ਤਾਂ ਗੁਰ ਸੇਵਾ ਭਗਤਿ ਕਮਾਈ ਤੇ ਹੀ ਹੋ ਸਕਦਾ ਹੈ। ਨਹੀਂ ਤਾਂ ਗੁਰਸ਼ਬਦ ਤੋਂ ਮੁਨਹਰਫ ਗੁਰੂ ਤੋਂ ਆਕੀ ਜੋ ਮਨਮੁਖ ਬੰਦੇ ਹਨ, ਸਾਰੇ ਕਾਲ ਦਾ ਹੀ ਲੁਕਮਾ ਹਨ, ਕਿਉਂਕਿ ਉਹ ਦੂਜੇ ਭਾਇ ਦੀ ਉਪਾਸ਼ਨਾ ਮਈ ਕਰਮ ਕਾਂਡ ਵਿਚਿ ਉਲਝੇ ਹੋਏ ਹਨ। ਹਿੰਦੂਆਂ ਦਾ ਮੁਖੀ ਦੇਵਤਾ ਬ੍ਰਹਮਾਂ ਭੀ ਮੁਨਮੁਖਾਂ ਦੀ ਮੂਹਰਲੀ ਸ਼੍ਰੇਣੀ ਵਿਚੋਂ ਹੈ। ਅਤੇ ਕਾਲ ਦਾ ਖਾਜਾ ਹੈ। ਮੁੜਿ ਘੜਿ ਕੇ ਜੁਗ ਜਨਮਾਂ ਦੇ ਗੇੜ ਖਾ ਕੇ ਗੁਰ ਸਰਨੀ ਆਇਆਂ ਗੁਰੂ ਨਾਨਕ ਦੇ ਘਰ ਦਾ ਸੇਵਕ ਸਿਖ ਬਣਿਆਂ ਹੀ ਉਸਦਾ ਉਧਾਰ ਨਿਸਤਾਰਾ ਉਸਦੇ ਮੁਕੱਦਰ ਵਿਚਿ ਲਿਖਿਆ ਹੋਇਆ ਹੈ। ਸੋਈ ਹੋਇਆ ਹੈ ਸੋਈ ਹੁੰਦਾ ਹੈ ਅਤੇ ਹੋ ਕੇ ਰਹੇਗਾ। ਜੋ ਭਾਗਾਂ ਵਿਚਿ ਹੈ। ਨਹੀਂ ਤਾਂ ਫੋਕਟ ਕਰਮਾਂ ਤੋਂ ਕਦੇ ਨਿਸਤਾਰਾ ਨਹੀਂ ਹੁੰਦਾ। ਆਨਮਤ ਦੇ ਕਰਮ ਨਿਸਤਾਰੇ ਦੀ ਸ਼ਕਤ ਤੋਂ ਸਭ ਅਸ਼ਕਤ ਅਤੇ ਬੇਮਕਦੂਰੇ (ਅਸਮਰੱਥ) ਹਨ।

''ਙੰਙਾ ਖਟੁ ਸਾਸਤ੍ਰ ਹੋਇ ਙਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥ ਙਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥ ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥ ਉਆ ਤੇ ਊਤਮ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥੧੬॥ (ਗਉੜੀ ਬਾਵਨ ਅਖਰੀ ਪੰਨਾ ੨੫੩)

ਭਾਵ:- ਙੰਙੇ ਅਖਰ ਦੁਆਰਾ ਉਪਦੇਸ਼ ਕਰ ਕੇ ਗੁਰੂ ਸਾਹਿਬ ਇਹ ਫੁਰਮਾਨ ਫੁਰਮਾਉਂਦੇ ਹਨ, ਭਾਵੇਂ ਕੋਈ ਪੁਰਸ਼ ਛੇਆਂ ਸ਼ਸਤ੍ਰਾਂ ਦਾ ਗਿਆਤਾ (ਗਿਆਨਵਾਨ) ਹੋਵੇ ਅਰਥਾਤ(੧) ਕਪਲ ਦਾ ਸਾਂਖ ਸ਼ਾਸਤਰ,(੨) ਗੋਤਮ ਕਾ ਨਿਆਇ ਸ਼ਾਸਤਰ,(੩) ਪਤੰਜਲੀ ਕਾ ਜੋਗ ਸ਼ਾਸਤਰ, (੪) ਉਤਰ ਮੀਮਾਂਸਾ,(੫) ਪੁਰਬ ਮੀਮਾਂਸਾ,(੬) ਵੇਦਾਂਤ ਸ਼ਾਸਤਰ। ਛੇਆਂ ਹੀ ਸ਼ਾਸਤਰਾਂ ਦਾ ਗਿਆਨ ਪਰਬੀਨ ਹੋਵੇ ਅਤੇ ਇਹਨਾਂ ਛੇਆਂ ਹੀ ਸ਼ਾਸਤਰਾਂ ਦੇ ਦ੍ਰਿੜਾਏ ਕਰਮਾਂ ਦਾ ਅਨੁਸਾਰੀ ਕਰਮ ਕਰਨਹਾਰੀ ਹੋਵੇ। ਤੇ ਪੂਰਬ, ਕੁੰਭਕ, ਰੇਚਕ, ਯੋਗ(ਹਠ ਯੋਗ) ਦੇ ਤੇਹਾਂ ਪ੍ਰਾਣਾਯਾਮੀ ਹਠ ਕਰਮਾਂ ਅਰਥਾਤ ਪੂਰਕ ਦੁਆਰਾ ਆਪਣੇ ਪ੍ਰਾਣਾਂ ਨੂੰ ਉਤਾਹਾਂ ਚੜਾਉਣਾ ਸਿਖ ਲਵੇ (੨) ਕੁੰਭਕ ਕਰਮ ਦੁਆਰਾ ਸੁਆਸਾਂ



www.AKJ.Org

ਨੂੰ ਉਪਰ ਰੋਕੀ ਰਖਣ ਦੀ ਪ੍ਰੈਕਟਿਸ ਵਿਚਿ ਪਰਬੀਨ ਹੋ ਜਾਵੇ, ਰੇਚਕ ਕਰਮ ਦੁਆਰਾ ਸੁਆਸਾਂ ਨੂੰ ਉਤਾਰਨ ਬਾਹਰ ਕਢਣ ਦੀ ਯੁਕਤੀ ਦਾ ਯਕੀਨੀ ਮਾਹਰ ਹੋ ਜਾਵੇ। ਇਤ ਬਿਧਿ ਹਠ ਯੋਗ ਕਰਮਾਰੀ ਗਿਆਨੀ ਧਿਆਨੀ ਬਣ ਜਾਵੇ। ਅਥਵਾ ਹੋਰ ਅਨਮਤ ਫਲਸਫਿਆਂ ਦਾ ਸਰਟੀਫਾਇਡ (certified) ਗਿਆਨੀ ,ਡਿਗਰੀਦਾਰ ਗਿਆਨੀ ਹੋ ਜਾਵੇ। ਯਾ ਆਨਮਤ ਮਤੀਸ਼ਰੀ ਗਿਆਨੀ ਬਣਨ ਦੀ ਪਰਸਿਧਤਾ ਪ੍ਰਾਪਤਿ ਕਰ ਲਵੇ। ਭਾਵੇਂ ਲਖ ਮੈਡੀਟੇਸ਼ਨੀ ਆਨਮਤ ਧਿਆਨ ਇਲਾਮਾਂ ਦਾ ਧਿਆਨੀ ਬਣ ਲਵੇ। ਅਤੇ ਫੋਕੇ ਧਿਆਨ ਜਮਾਉਣੇ ਸਿਖ ਲਵੇ ਅਤੇ ਸਿਖ ਕੇ ਆਪਣੇ ਆਪ ਨੂੰ ਧਿਆਨ ਕਰਮੀ ਸਦਾ ਲਵੇ। ਏਹ ਆਨਮਤ ਕਰਮ ਸਭੇ ਹੀ ਨਿਸਫਲ ਹਨ। ਕਈ ਆਨਮਤ ਗ੍ਰਸੇ ਕਰਮਚਾਰੀ ਚੰਦ੍ਰਮਾ (ਸੋਮ) ਦੀ ਰੋਸ਼ਨੀ ਵਿਚਿ ਪੱਕੇ ਹੋਏ ਫਲਾਂ ਦਾ ਆਹਾਰ ਕਰਨ ਨੂੰ ਹੀ ਵਿਸੇਖ ਸਮਝਦੇ ਹਨ ਅਤੇ ਚੰਦਰਮਾਂ ਦੀ ਘਟਦੀ ਵਧਦੀ ਕਲਾ ਨੂੰ ਦੇਖ ਕੇ ਉਸ ਦੇ ਘਟਾਉ ਵਧਾਉ ਅਨੁਸਾਰ ਆਪਣੇ ਆਹਾਰ ਨੂੰ ਘਟਾਉਣ ਵਧਾਉਣ ਦੀ ਕਿਰਿਆ ਵਿਚਿ ਖਚਤ ਰਹਿੰਦੇ ਹਨ। ਐਸੇ ਕਰਮਾਚਾਰੀ ਆਪਣੇ ਆਪ ਨੂੰ ਸੋਮਪਾਕੀਏ ਕਹਾਉਂਦੇ ਹਨ। ਕਈ ਅਪਰਸੀਏ ਕਿਸੇ ਦੇ ਨਾਲਿ ਪਰਸਦੇ ਛੂੰਹਦੇ ਨਹੀਂ ਤੇ ਏਸ ਅਪਰਸ ਕਰਮ ਦੀ ਸ਼ੇਖੀ ਤੇ ਭਰਮੇ ਰਹਿੰਦੇ ਹਨ। ਕਈ ਆਨਮਤ ਕਰਮਚਾਰੀ ਉਦਿਆਨ ਉਜਾੜਾਂ ਵਿਚ ਵਾਸਾ ਰਖਣੇ ਨੂੰ ਮੁਕਤੀ ਦਾ ਕਾਰਨ ਮੰਨਦੇ ਹਨ। ਇਹ ਉਪਰ ਦਸੇ ਸਾਰੇ ਕਰਮ ਨਾਸਵੰਤ ਹਨ ਅਤੇ ਏਹਨਾਂ ਕਰਮਾਂ ਦੇ ਕੀਤਿਆਂ ਨਾਮ ਨਾਲਿ ਨੇਹੁ ਨਹੀ ਲਗਦਾ। ਅਜਿਹੇ ਕਰਮ ਕੀਤੇ ਸਾਰੇ ਅਜਾਈਂ ਜਾਂਦੇ ਹਨ। ਇਹਨਾਂ ਤੋਂ ਕੋਈ ਭੀ ਲਾਭ ਨਹੀਂ। ਨਾਂਹੀ ਪ੍ਰਮਾਰਥਕ ਤੇ ਨਾਂਹੀ ਆਰਥਕ। ਅਜੇਹੇ ਕਰਮ ਅਭਿਮਾਨੀਆਂ ਨਾਲੋਂ ਚੰਡਾਲਾਂ ਦੇ ਘਰਿ ਜਨਮ ਲੈਣ ਵਾਲਾ ਉਹ ਪ੍ਰਾਨੀ ਉਤਮ ਹੈ, ਜਿਸ ਦੇ ਹਿਰਦੇ ਅੰਦਰਿ ਗੋਬਿੰਦ ਗੋਪਾਲ ਦਾ ਨਾਮ ਵਸਿਆ ਹੋਇਆ ਹੋਵੇ।

ਉਹ ਆਨਮਤ ਕਰਮ ਜੋ ਪਾਪਾਂ ਦੇ ਨਾਸ਼ ਕਰਨ ਲਈ ਪ੍ਰਾਸਚਿਤ ਵਜੋਂ ਕੀਤੇ ਜਾਂਦੇ ਹਨ, ਕਿਸੇ ਲੇਖੇ ਨਹੀਂ, ਚਾਹੇ ਅਜੇਹੇ ਅਨੇਕਾਂ ਹੀ ਕਰਮ ਕੀਤੇ ਜਾਣ, ਇਹਨਾਂ ਦੁਆਰਾ ਪ੍ਰਾਨੀ ਦਾ ਉਕਾ ਹੀ ਨਿਸਤਾਰਾ ਨਹੀਂ ਹੁੰਦਾ। ਗੁਰਮਤਿ ਨਾਮ ਰੂਪੀ ਸਿਫਤ ਸਾਲਾਹ ਵਾਲਾ ਜਾਪ ਅਭਿਆਸ ਸਚੜਾ ਕਰਮ ਕੋਟਾਨ ਕੋਟ ਪਾਪਾਂ ਨੂੰ ਪਰਹਰਨ ਲਈ ਸਮਰੱਥ ਹੈ। ਯਥਾਂ ਗੁਰਵਾਕ:-

''ਅਨਿਕ ਪੁਨਹਚਰਨ ਕਰਤ ਨਹੀ ਤਰੈ॥
ਹਰਿ ਕੇ ਨਾਮੁ ਕੋਟਿ ਪਾਪ ਪਰਹਰੈ॥''
(ਗਉੜੀ ਸੁਖਮਨੀ ਮ: ੫ ਪੰਨਾ ੨੬੪)

ਚਾਹੇ ਕਿਤਨੇ ਹੀ ਆਨਮਤ ਕਰਮ ਕੀਤੇ ਜਾਣ, ਬੇਦ ਪੁਰਾਨ ਸਿਮਰਤੀਆਂ ਨੂੰ ਚਾਹੇ ਕਿਤਨਾ ਹੀ ਘੋਥਿਆ ਜਾਵੇ ਅਤੇ ਉਹਨਾਂ ਦੇ ਅਨੁਸਾਰੀ ਹੋ ਕੇ ਭਾਵੇਂ ਸਾਰੇ ਕਰਮ ਸਾਰੀ ਉਮਰ ਕੋਈ ਕਰਦਾ ਰਹੇ ਪਰ ਇਹਨਾਂ ਦੇ ਕੀਤਿਆਂ ਜਨਮ ਮਰਨ ਨਹੀਂ ਮਿਟਦਾ, ਜੋਨੀਆਂ ਵਿਚਿ ਹੀ ਭਰਮਣਾ ਪੈਂਦਾ ਹੈ। ਯਥਾ ਗੁਰਵਾਕ:-

''ਬੇਦ ਪੁਰਾਨ ਸਿਮ੍ਰਿਤ ਸੁਨੇ ਬਹੁ ਬਿਧਿ ਕਰਉ ਬੀਚਾਰ॥''
(ਪੰਨਾ ੨੯੬)
ਜਨਮ ਮਰਨ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ॥
(ਪੰਨਾ ੨੯੭)

(ਚਲਦਾ)

(ਪੰਨਾ ੮ ਦਾ ਬਾਕੀ ...)
ਪੰਘਨਕੇਵਲ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਜਿੱਥੇ ਜਿੱਥੇ ਲੜਕੇ ਬਿਮਾਰ ਪਏ ਸਨ ਓਧਰ ਤੁਰ ਪਏ। ਸਾਰੀ ਬਹੁ-ਰੰਗੀ ਭੀੜ ਵੀ ਪਿੱਛੇ ਸੀ ਤੇ ਮੈਂ ਅੱਗੇ ਅੱਗੇ ਉਹਨਾਂ ਦੇ ਨਾਲ ਸਾਂ। ਸਾਰੇ ਇੱਕ-ਮਨ ਇੱਕ-ਚਿਤ, ਵਾਹਿਗੁਰੂ ਵਾਹਿਗੁਰੂ ਉਚਾਰਨ ਕਰ ਰਹੇ ਸਨ। ਜਿਉਂ ਹੀ ਪਹਿਲਾ ਬਿਮਾਰ ਦ੍ਰਿਸ਼ਟੀ ਪਿਆ, ਉਹਨਾਂ ਨੇ ਉਹਦੇ ਨਾਲ ਅੱਖਾਂ ਮਿਲਾ ਕੇ, ਉਸ ਤੋਂ ਵਾਹਿਗੁਰੂ ਅਖਵਾਇਆ ਤੇ ਆਪਣੇ ਕਰ-ਕਮਲਾਂ ਨਾਲ ਉਸ ਦੇ ਮੂੰਹ ਵਿੱਚ ਜਲ ਪਾਇਆ ਤੇ ਕਿਹਾ, ''ਸਿੰਘ ਜੀ! ਸਾਵਧਾਨ ਹੋ ਜਾਓ, ਉਠ ਬੈਠੋ।'' ਉਹ ਤਤਕਾਲ ਉਠ ਬੈਠਾ ਤੇ ਖੜਾ ਹੋ ਗਿਆ। ਇਕੁਰ ਹੀ ਸਾਰਿਆਂ ਨੂੰ ਸਾਵਧਾਨ ਕੀਤਾ।

ਬੋਲੋ ਜੀ ਵਾਹਿਗੁਰੂ! ਮੈਂ ਇਸ ਕੌਤਕ ਦਾ ਆਪ ਸਾਖੀ ਹਾਂ, ਤੇ ਸੋਲ੍ਹਾਂ ਆਨੇ ਇਸ ਦੀ ਸਚਾਈ ਦੀ ਸਾਖ ਭਰਦਾ ਹਾਂ। ਇਹ ਹੈ ਪੂਰਨ ਸਤੋਗੁਣ ਦਾ ਈਸ਼੍ਰੀ ਪ੍ਰਭਾਵ। (ਖ਼ਾਲਸਾ ਐਡਵੋਕੇਟ, ੧੧ਮਈ ੧੯੬੪)


www.AKJ.Org

# ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ ੨. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-207 ੩੨ ਸਾਲਾ ਕੱਦ 5'-5'' IGNOU ਦਾ Foundation Course ਪਾਸ ਅਤੇ T.V. V.C.R. ਰਿਪੇਅਰਿੰਗ ਕੋਰਸ ਪਾਸ ਆਪਣਾ ਕਾਰੋਬਾਰ 6000/-ਰੁ. ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

.LD-੨08 ੨1 ਸਾਲਾ, 5'4'' ਮੈਟ੍ਰਿਕ ਪਾਸ, ਸਿਲਾਈ ਕਢਾਈ ਅਤੇ ਘਰ ਦੇ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-੨0੭ ੨5 ਸਾਲਾ, ਕੱਦ 5' 5'', ਮੈਟ੍ਰਿਕ ਪਾਸ ਆਪਣਾ ਕੰਮ 4000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-੨10 ੨8 ਸਾਲਾ ਕੱਦ 5'8'' ਮੈਟ੍ਰਿਕ ਪਾਸ ਖੇਤੀ ਬਾੜੀ ਕਰਦੇ 5000/ਮਾਸਿਕ ਆਮਦਨ ਵਾਲੇ ਤਲਾਕਸ਼ੁਦਾ ਸਿੰਘ ਲਈ ਬਿਬੇਕੀ ਪਹਿਰੇ ਵਾਲੀ ਬੀਬੀ ਦੀ ਲੋੜ ਹੈ।

LD-੨11 ੩੨ ਸਾਲਾ ਕੱਦ 4'6'', M.A. Bed. ਪਾਸ ਸਿਲਾਈ ਕਟਾਈ ਅਤੇ ਹਰ ਤਰਾਂ ਦੇ ਘਰੇਲੂ ਕੰਮ ਵਿਚ ਮਾਹਿਰ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-੨1੨ ੨8 ਸਾਲਾ ਕੱਦ 5'5'', B.Sc. B.ed. ਪਾਸ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-੨13 ੨6 ਸਾਲਾ ਕੱਦ 5' B.Sc. B.ed. D. pharmacy & M.A. ਪਾਸ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

---

## ਸੂਰਾ ਪੱਤਰ ਨੂੰ ਪੂੰਜੀ ਸਹਾਇਤਾ

| | | | |
|---|---|---|---|
| ਸ: ਮਹਿੰਦਰ ਸਿੰਘ ਨਵੀਂ ਦਿੱਲੀ- | ੩੧੦੦/- | ਸ: ਜਗਤ ਸਿੰਘ- | ੨੫੦/- |
| ਸ: ਹਰੀ ਸਿੰਘ- | ੨੦/- | ਬਲਜਿੰਦਰ ਸਿੰਘ- | ੧੦੦/- |
| ਸ: ਉਤੱਮ ਸਿੰਘ ਲੁਧਿਆਣਾ- | ੨੦੦/- | | |

## ਯੂ. ਕੇ. ਦੇ ਬਾਕੀ ਸਮਾਗਮ.....

5. ਨੌਜੁਆਨਾਂ ਦਾ ਗੁਰਮਤਿ ਕੈਂਪ 3 ਤੋਂ 7ਅਗਸਤ ਤੱਕ Singh Sabha Gurd. Slough ਵਿਖੇ ਹੋਰ ਜਾਣਕਾਰੀ ਲਈ ਭਾਈ ਓਂਕਾਰ ਸਿੰਘ 01753-572737

6. ਭਾਈ ਜੋਗਿੰਦਰ ਸਿੰਘ ਦੀ ਲੜਕੀ ਦਾ ਆਨੰਦ ਕਾਰਜ SIKH TEMPLE, NEW STREET, Leamington SPA ਵਿਖੇ 9 ਅਗਸਤ 1998 ਨੂੰ

7. 15 ਅਗਸਤ 1998 ਰੈਣਿ ਸਬਾਈ ਕੀਰਤਨ New Gurd. Sahib High Rd. Goodmayes ILFORD ਵਿਖੇ। ਜਾਣਕਾਰੀ ਲਈ ਭਾਈ ਸ਼ਿਵਦੇਵ ਸਿੰਘ 0181 5909794.

8. ੨1 ਤੋਂ ੨3 ਅਗਸਤ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਗ੍ਰਹਿ ਭਾਈ ਰਘਬੀਰ ਸਿੰਘ 139, Manor Rd. Derby ਵਿਖੇ।

9. ਇੰਟਰਨੈਸ਼ਨਲ ਬੈਂਕ ਹਾਲੀਡੇ ਤੇ ਰੈਣਿ ਸਬਾਈ ਕੀਰਤਨ ੨9 ਅਗਸਤ 1998 ਨੂੰ Gurd. Singh Sabha, Collon, German ਵਿਖੇ। ਕੋਚ ਵਿਚ ਸੀਟਾ ਬੁੱਕ ਕਰਵਾਉਣ ਲਈ ਭਾਈ ਹਰਦੀਪ ਸਿੰਘ 01753 530624/592737 ਤੇ ਸੰਪਰਕ ਕਰੋ ਜੀ।

10. ਲੜੀਵਾਰ ਕੀਰਤਨ ਸਮਾਗਮ ਪੁੱਛਗਿਛ ਭਾਈ ਤਰਲੋਚਨ ਸਿੰਘ 0121-520-0651/0956-804-107

3-8-98 ਤੋਂ 7-8-98 ਰੋਜ਼ਾਨਾ ਸਵੇਰੇ ਆਸਾ ਦੀ ਵਾਰ 7 ਤੋਂ 9 ਵਜੇ ਤੱਕ ਗੁ. ਬੇਬੇ ਨਾਨਕੀ Rookery Rd. BIRMINGHIM ਵਿਖੇ

8-8-98 ਸਵੇਰੇ 7 ਤੋਂ 9 ਆਸਾ ਦੀ ਵਾਰ ਗੁਰੂ ਨਾਨਕ ਸਿਖ ਟੈਂਪਲ, West BROMWKH ST., CALDMORE, WALSALLਵਿਖੇ

ਸ਼ਾਮ ਦੇ ਕੀਰਤਨ ਸਮਾਗਮ ਰੋਜ਼ਾਨਾ 18.30 ਤੋਂ ੨੨ ਵਜੇ ਤੱਕ।

3-8-98 Guru Nanak Gurd. STRATFORD Rd. South BIRMINGHIM ਵਿਖੇ।

4-8-98 ਗੁ. ਬੇਬੇ ਨਾਨਕੀ, Rookery Rd. BIRMINGHIM ਵਿਖੇ।

5-8-98 ਗੁਰਦੁਆਰਾ ਗੁਰੂ ਨਾਨਕ, SEDGLEY STREET, WOLVERHEMPTON ਵਿਖੇ।

6-8-98 Gurd. Guru Nanak, Walsal Rd. Willen Hall ਵਿਖੇ।

7-8-98 Guru Nanak Sikh Temple, West BROMWICH ST., CALDMORE, WALSALL ਵਿਖੇ।

8-8-98 ਰੈਣਿ ਸਬਾਈ ਕੀਰਤਨ ਗੁਰੂ ਨਾਨਕ ਗੁਰਦੁਆਰਾ, HIGH ST., SMETHWICK WEST MIDLANDS Tel. 0121-558-2527

ਬਾਕੀ ਖ਼ਬਰਾਂ ਪੰਨਾ ੩੪ ਤੇ ਥੱਲੇ ਦੇਖੋ

www.AKJ.org

Regd. No./12245/66 SURA/JULY/98 P.O. Regd. No. PB/LD/121/98



## ਗੁਰਮੁਖ ਪਿਆਰੇ ਭਾਈ ਗੁਰਚਰਨ ਸਿੰਘ ਜੀ (ਮੁਹਾਲੀ, ਬਰੇਲੀ)

ਆਪ ਜੀ ਨੂੰ ਆਪਣੀ ਆਯੂ ਦਾ ਵਡਮੁੱਲਾ 40 ਸਾਲ ਦਾ ਸਮਾਂ ਅਖੰਡ ਕਰੀਤਨੀ ਜੱਥੇ ਵਿਚ ਵਿਚਰਦਿਆਂ ਗੁਰੂ ਪਿਆਰੀਆ ਸੰਗਤਾ ਦੇ ਸੰਗ ਸਾਥ ਸੇਵਾ, ਸਿਮਰਨ ਕਰਦਿਆ ਬਤੀਤ ਕੀਤਾ। ਪੰਝੀ ਸਾਲ ਆਪ ਬਰੇਲੀ ਵਿਖੇ ਜੱਥੇ ਦੇ ਮੁਖ ਸੇਵਾਦਾਰ ਵਜੋਂ ਸੇਵਾ ਨਿਭਾਉਂਦੇ ਰਹੇ। ਅੰਤਲੇ ਸਵਾਸਾਂ ਤੱਕ ਸਿਮਰਨ ਗੁਰਬਾਣੀ ਨਾਲ ਜੁੜੇ ਹੋਏ 5 ਮਈ 1998 ਨੂੰ ਗੁਰਪੁਰੀ ਪਿਆਨੇ ਕਰ ਗਏ।

## ਮਾਸਿਕ ਰੈਣਿ ਸਬਾਈ ਕੀਰਤਨ ਮੰਡੀ ਅਹਿਮਦਗੜ੍ਹ ਵਿਖੇ

ਮਾਸਟਰ ਸਤਵਤ ਸਿੰਘ ਜੀ ਰਾਮਪੁਰ ਸੂਚਨਾ ਦਿੰਦੇ ਹਨ ਕਿ ਜੁਲਾਈ ਮਹੀਨੇ ਦਾ ਰੈਣਿ ਸਬਾਈ ਕੀਰਤਨ ਅਖਾੜਾ, ਭਾਈ ਭੁਪਿੰਦਰ ਸਿੰਘ ਜੀ ਦੇ ਗ੍ਰਹਿ ਛਪਾਰ ਰੋਡ (ਨੇੜੇ ਧੂਲਕੋਟ ਚੌਕ) ਮੰਡੀ ਅਹਿਮਦਗੜ੍ਹ ਵਿਚ 11 ਜੁਲਾਈ ਰਾਤ ਨੂੰ ਸਜੇਗਾ। ਆਇ ਦੀਦਾਰੇ ਬਖ਼ਸ਼ੋ ਜੀ।

## ਅਖੰਡ ਕੀਰਤਨੀ ਜੱਥਾ ਬਰੇਲੀ ਵੱਲੋਂ ਰੈਣਿ ਸਬਾਈ ਕੀਰਤਨ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਦੇ ਸੰਬੰਧ ਵਿਚ 11 ਜੁਲਾਈ ਰਾਤ ਨੂੰ ਗੁ: ਨਾਨਕਮਤਾ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ ਸਮਾਗਮ ਹੋਣਗੇ। ਆਇ ਦੀਦਾਰ ਬਖਸ਼ੋ ਜੀ।

ਪੁੱਛਗਿਛ : ਸੁਰਿੰਦਰ ਸਿੰਘ, ਦਸਮੇਸ਼ ਬਿਸਕੁਟ ਬੇਕਰੀ, ਕੋਹਾੜਾਪੀਰ, ਬਰੇਲੀ। ਟੈਲੀਫੋਨ : 471651 ਪੀ ਪੀ.

## ਫਿਰੋਜ਼ਪੁਰ ਛਾਉਣੀ ਖ਼ਾਲਸਾ ਗੁ: ਵਿਖੇ ਰੈਣਿ ਸਬਾਈ ਕੀਰਤਨ 1 ਅਗਸਤ 1998 ਰਾਤ ਨੂੰ

## ਗੁ: ਮੰਜੀ ਸਾਹਿਬ ਅੰਬਾਲਾ ਵਿਖੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

ਸਮੂਹ ਸ਼ਹੀਦਾਂ ਦੀ ਯਾਦ ਵਿਚ 8 ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਿਹਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ। 9 ਅਗਸਤ ਐਤਵਾਰ ਭੋਗ ਸਵੇਰੇ 6 ਵਜੇ।

## ਅੰਬਾਲਾ ਛਾਉਣੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

13 ਅਗਸਤ ਵੀਰਵਾਰ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 7 ਵਜੇ ਗੁ: ਗੋਬਿੰਦ ਨਗਰ, ਅੰਬਾਲਾ ਛਾਉਣੀ।

ਸ਼ਾਮ ਸੋਦਰ ਦੀ ਚੌਕੀ ਤੇ ਕੀਰਤਨ 10 ਵਜੇ ਤਕ ਗੁ: ਪੰਜਾਬੀ ਗੁਰਦੁਆਰਾ, ਅੰਬਾਲਾ ਛਾਉਣੀ।

14 ਅਗਸਤ ਸ਼ੁਕਰਵਾਰ ਸ਼ਾਮ ਸੋਦਰ ਦੀ ਚੌਕੀ ਤੇ ਕੀਰਤਨ 10 ਵਜੇ ਤਕ ਗੁ: ਮੰਜੀ ਸਾਹਿਬ, ਅੰਬਾਲਾ ਸ਼ਹਿਰ।

15 ਅਗਸਤ ਸ਼ਨੀਚਰਵਾਰ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਿਹਰ 1 ਵਜੇ ਤੱਕ ਅਤੇ ਸ਼ਾਮ 7 ਵਜੇ ਅਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਗੁ: ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ।

16 ਅਗਸਤ ਦਿਨ ਐਤਵਾਰ ਸਮਾਪਤੀ ਸਵੇਰੇ 7 ਵਜੇ।

(ਰਿਹਾਇਸ਼ ਤੇ ਲੰਗਰ ਦਾ ਸਾਰਾ ਇੰਤਜਾਮ ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਹੋਵੇਗਾ।)

## ਚੰਡੀਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 27 ਤੋਂ 30 ਅਗਸਤ ਤੱਕ ਵੇਰਵਾ ਆਉਂਦੇ ਪਰਚੇ ਵਿਚ।

## ਗੁ: ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਜਲੰਧਰ ਵਿਖੇ ਰੈਣਿ ਸਬਾਈ ਕੀਰਤਨ 5 ਸਤੰਬਰ ਰਾਤ ਨੂੰ

## ਯੂ.ਕੇ. ਵਿਖੇ ਅਖੰਡ ਕੀਰਤਨ ਸਮਾਗਮ

ਵੱਲੋਂ : ਭਾਈ ਹਰਦੀਪ ਸਿੰਘ, ਟੈਲੀਫੋਨ : 01753530624

1. ਭਾਈ ਸੁਰਿੰਦਰ ਸਿੰਘ ਦੇ ਭੁਜੰਗੀ ਜਗਜੀਤ ਸਿੰਘ ਦਾ ਆਨੰਦ ਕਾਰਜ ਗੁ: ਸਿੰਘ ਸਭਾ Cross Road Coventry ਵਿਖੇ 12 ਜੁਲਾਈ 1998 ਪੁਛਗਿਛ - ਟੈਲੀਫੋਨ : 01203-681340.
2. 17 ਤੋਂ 19 ਜੁਲਾਈ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਗ੍ਰਹਿ ਭਾਈ ਸ਼ਿਵਦੇਵ ਸਿੰਘ, 65 WELLWOOD RD., OFF HIGH RD., GOODMAYES, ILFORD ਵਿਖੇ। ਟੈਲੀਫੋਨ : 0181 5909794.
3. KING EDWARD, 7 WING, RANGEMORE HALL, RANGEMORE, ON BURTON ONTRENT, STAFF. ਵਿਖੇ ਖੁੱਲੇ ਪੰਡਾਲ ਵਿਚ ਰੈਣਿ ਸਬਾਈ ਕੀਰਤਨ 25 ਜੁਲਾਈ ਰਾਤ ਨੂੰ ।ਸਾਊਥਾਲ ਅਤੇ ਸਲੋਹ ਦੀਆ ਸੰਗਤਾਂ ਲਈ ਕੋਚਾਂ ਜਾਣਗੀਆਂ। ਹੋਰ ਜਾਣਕਾਰੀ ਲਈ- ਭਾਈ ਕੁਲਦੀਪ ਸਿੰਘ 01283-712049.
4. ਭਾਈ ਨਸੀਬ ਸਿੰਘ ਜੀ ਦੀ ਲੜਕੀ ਦਾ ਆਨੰਦ ਕਾਰਜ Guru Arjan Dev Gurd. Stanhope Rd., Derby ਵਿਖੇ 26 ਜੁਲਾਈ 1998ਨੂੰ

(ਬਾਕੀ ਦੇ ਪ੍ਰੋਗਰਾਮ ਅੰਦਰਲੇ ਪੰਨੇ ਤੇ ਦੇਖੋ)

www.AKJ.Org